Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਮਈ 2024 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਅਵਤਾਰ ਪੁਰਬ ਦੀਆਂ ਲੱਖ-ਲੱਖ ਮੁਬਾਰਕਾਂ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ... ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ



ਤੀਸਰੇ ਨਾਨਕ ਧੰਨ ਧੰਨ ਸ਼੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਸ਼੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ 12 ਸਾਲ ਇਸ਼ਨਾਨ ਕਰਵਾਉਣ ਦੀ ਸੇਵਾ ਕੀਤੀ। ਆਪ ਸਵੇਰੇ ਤੜਕੇ ਉਠ ਕੇ ਖਡੂਰ ਸਾਹਿਬ ਤੋਂ ਚੱਲ ਕੇ ਦਰਿਆ ਬਿਆਸ ਵਿੱਚੋਂ ਜਲ ਦੀ ਗਾਗਰ ਭਰ ਕੇ ਲਿਆਉਂਦੇ ਸਨ। ਜਲ ਭਰਨ ਤੋਂ ਪਹਿਲਾਂ ਆਪ ਇਸ਼ਨਾਨ ਕਰਦੇ ਤੇ ਬਾਅਦ ਵਿੱਚ ਜਲ ਦੀ ਗਾਗਰ ਭਰ ਕੇ ਗੁਰੂ ਜੀ ਲਈ ਇਸ਼ਨਾਨ ਕਰਵਾਉਣ ਲਈ ਲੈ ਕੇ ਆਉਂਦੇ ਸਨ। ਉਸ ਸਮੇਂ ਆਪ ਜੀ ਦੀ ਉਮਰ ਲਗਭਗ 70 ਸਾਲ ਦੀ ਸੀ। 12 ਸਾਲ ਬੀਤ ਜਾਣ ਤੇ ਜਦੋਂ ਆਪ ਜੀ ਇੱਕ ਦਿਨ ਜਲ ਦੀ ਗਾਗਰ ਭਰ ਕੇ ਲਿਆ ਰਹੇ ਸਨ ਤਾਂ ਸਰਦੀਆਂ ਦੇ ਦਿਨ ਸਨ ਅਤੇ ਹਨੇਰੀ ਰਾਤ ਵਿੱਚ ਬਾਰਸ਼ ਵੀ ਹੋ ਰਹੀ ਸੀ। ਰਸਤੇ ਵਿੱਚ ਪਾਣੀ ਭਰਿਆ ਹੋਇਆ ਸੀ। ਆਪ ਹਨੇਰੇ ਵਿੱਚ ਜਦੋਂ ਗੁਰੂ ਦਰਬਾਰ ਵੱਲ ਜਾ ਰਹੇ ਸਨ ਤਾਂ ਰਸਤੇ ਵਿੱਚ ਜੁਲਾਹੇ ਦੀ ਖੱਡੀ ਲਈ ਇੱਕ ਲੱਕੜੀ ਗੱਡੀ ਹੋਈ ਸੀ ਜਿਸ ਨਾਲ ਆਪ ਦਾ ਪੈਰ ਟਕਰਾ ਗਿਆ ਤਾਂ ਆਪ ਹੇਠਾਂ ਡਿੱਗ ਪਏ। ਜਦੋਂ ਡਿੱਗਣ ਕਾਰਨ ਖੜਕਾ ਹੋਇਆ ਤਾਂ ਜੁਲਾਹੇ ਨੇ ਜੁਲਾਹੀ ਨੂੰ ਪੁੱਛਿਆ, "ਕਿ ਇਹ ਕੀ ਖੜਕਾ ਹੋਇਆ ਹੈ।" ਜੁਲਾਹੀ ਕਹਿਣ ਲੱਗੀ, "ਕਿ ਇਸ ਵੇਲੇ ਤਾਂ ਕੋਈ ਚੋਰ ਹੋਵੇਗਾ ਜਾਂ ਫਿਰ ਉਹੀ ਅਮਰੂ ਨਿਥਾਵਾਂ ਜੋ ਆਪਣੇ ਕੁੜਮਾਂ ਦੇ ਘਰ ਵਿੱਚ ਗੁਰੂ ਜੀ ਦੀ ਸੇਵਾ ਕਰ ਰਿਹਾ, ਹੋਵੇਗਾ।" ਇਹ ਗੱਲ ਜਦੋਂ ਸ਼੍ਰੀ ਅਮਰਦਾਸ ਜੀ ਦੇ ਕੰਨੀਂ ਪਈ ਤਾਂ ਆਪ ਜੀ ਦੇ ਮੂੰਹੋਂ ਸੁਭਾਵਕ ਹੀ ਨਿਕਲਿਆ, "ਝੱਲੀਏ ਅਮਰੂ ਨਿਥਾਵਾਂ ਨਹੀਂ ਹੈ।" ਅਮਰ ਦਾਸ ਜੀ ਦੇ ਮੂੰਹੋਂ ਇਹ ਅੱਖਰ ਨਿਕਲੇ ਹੀ ਸਨ ਕਿ ਉਹ ਜੁਲਾਹੀ "ਝੱਲੀ" ਹੋ ਗਈ ਤੇ ਅਲ-ਵਲੱਲੀਆਂ ਗੱਲਾਂ ਕਰਨ ਲੱਗ ਪਈ।

ਸ਼੍ਰੀ ਗੁਰੂ ਅਮਰਦਾਸ ਜੀ ਨੇ ਗਾਗਰ ਸੰਭਾਲੀ ਤੇ ਉੱਠ ਕੇ ਗੁਰੂ ਸਾਹਿਬ ਜੀ ਨੂੰ ਆ ਕੇ ਇਸ਼ਨਾਨ ਕਰਵਾਇਆ ਇਸ ਉਪਰੰਤ ਆਪ ਹੋਰ ਸੇਵਾ ਵਿੱਚ ਲੱਗ ਗਏ। ਜਦੋਂ ਦਿਨ ਚੜ੍ਹਿਆ ਤਾਂ ਜੁਲਾਹਾ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਤੇ ਆਪਣੀ ਪਤਨੀ ਬਾਰੇ ਰੋ-ਰੋ ਕੇ ਦੱਸਣ ਲੱਗਾ ਤੇ ਮੁਆਫ਼ੀਆਂ ਮੰਗਣ ਲੱਗਾ। ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਸ਼੍ਰੀ ਅਮਰਦਾਸ ਜੀ ਨੂੰ ਬੁਲਾ ਕੇ ਪੁੱਛਿਆ। ਸ਼੍ਰੀ ਅਮਰਦਾਸ ਜੀ ਹੱਥ ਜੋੜ ਕੇ ਕਹਿਣ ਲੱਗੇ," ਮਹਾਰਾਜ ਜੀ ਜਦੋਂ ਮੈਂ ਰਾਤ ਦੇ ਹਨੇਰੇ ਵਿੱਚ ਜੁਲਾਹੀ ਦੀ ਖੱਡੀ ਵਿੱਚ ਡਿੱਗ ਪਿਆ ਤਾਂ ਜੁਲਾਹੀ ਕਹਿ ਰਹੀ ਸੀ ਕਿ ਇਹ ਅਮਰੂ ਨਿਥਾਵਾਂ ਹੋਵੇਗਾ ਜੋ ਕੁੜਮਾਂ ਦੇ ਘਰ ਰਹਿੰਦਾ ਹੈ ਤਾਂ ਮੈਂ ਸੁਭਾਵਕ ਹੀ ਕਿਹਾ ਕਿ ਝੱਲੀਏ ਹੁਣ ਤਾਂ ਮੈਨੂੰ ਠੀਕ ਥਾਂ ਮਿਲ ਗਈ ਹੈ।" ਇਹ ਸੁਣ ਕੇ ਗੁਰੂ ਸਾਹਿਬ ਜੀ ਬੜੇ ਪ੍ਰਸੰਨ ਹੋਏ ਤੇ ਸ਼੍ਰੀ ਗੁਰੂ ਅਮਰਦਾਸ ਜੀ ਦੀ ਝੋਲੀ ਵਰਾਂ ਦੀ ਲੜੀ ਲਗਾ ਕੇ ਭਰ ਦਿੱਤੀ :- ਅਮਰਦਾਸ ਨਿਥਾਵਿਆਂ ਦਾ ਥਾਂ, ਨਿਮਾਣਿਆਂ ਦਾ ਮਾਣ, ਨਿਉਟਿਆਂ ਦੀ ਉਟ, ਨਿਸਰਿਆਂ ਦੀ ਧਰ, ਨਿਆਸਰਿਆਂ ਦਾ ਆਸਰਾ, ਨਿਰਾਤਿਆਂ ਦੀ ਰਾਤ, ਨਿਪੱਤਿਆਂ ਦੀ ਪੱਤ ਆਦਿ 12 ਵਰ ਦੇ ਕੇ ਨਿਵਾਜਿਆ।

ਆਪ ਜੀ ਦੀ ਸ਼ਹਿਨਸ਼ੀਲਤਾ, ਸੇਵਾ, ਸਿਮਰਨ ਅਤੇ ਭਗਤੀ ਭਾਵ ਦੇ ਸਦਕੇ ਹੀ ਸਮਾਂ ਆਉਣ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਆਪ ਜੀ ਨੂੰ ਗੁਰਤਾਗੱਦੀ ਬਖ਼ਸ਼ ਦਿੱਤੀ। ਇਸ ਦੇ ਨਾਲ ਹੀ ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਸ਼੍ਰੀ ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਸਾਹਿਬ ਵਿਖੇ ਸਥਾਈ ਤੌਰ 'ਤੇ ਸੇਵਾ ਕਰਨ ਦਾ ਹੁਕਮ ਕਰ ਦਿੱਤਾ।

ਸ਼੍ਰੀ ਗੁਰੂ ਅਮਰਦਾਸ ਜੀ ਵਿੱਚ ਪ੍ਰਮਾਤਮਾ ਵੱਲੋਂ ਏਨੇ ਗੁਣ ਅਤੇ ਰੂਹਾਨੀ ਸ਼ਕਤੀ ਭਰੀ ਹੋਈ ਹੈ ਕਿ ਇਨ੍ਹਾਂ ਦੇ ਦਰਸ਼ਨ ਕੀਤਿਆਂ ਹੀ ਧਰਤੀ ਉੱਤੇ ਅਨੇਕਾਂ ਕਿਸਮਾਂ ਦੇ ਪਾਪ ਤੇ ਮਾੜੇ ਕਰਮ ਖ਼ਤਮ ਹੋ ਜਾਂਦੇ ਹਨ। ਆਪ ਜੀ ਦੇ ਦਰਸ਼ਨ ਕਰਨ ਨਾਲ ਸਿੱਧ, ਜੋਗੀ, ਜਤੀ, ਸੰਨਿਆਸੀ ਦੇ ਮਨ ਵਿੱਚ ਸ਼ਾਂਤੀ ਆ ਜਾਂਦੀ ਹੈ। ਆਪ ਜੀ ਦੇ ਦਰਸ਼ਨ ਕਰਨ ਨਾਲ ਪ੍ਰਮਾਤਮਾ ਦੀ ਬੰਦਗੀ ਲਈ ਮਨ ਜੁੜ ਜਾਂਦਾ ਹੈ। ਸ਼੍ਰੀ ਗੁਰੂ ਅਮਰਦਾਸ ਜੀ ਦਾ ਦਰਸ਼ਨ ਕਰਨ ਨਾਲ ਆਦਮੀ ਨਿਰਭਉ ਹੋ ਜਾਂਦਾ ਹੈ ਤੇ ਆਵਾਗਉਣ ਦਾ ਚੱਕਰ ਮੁੱਕ ਜਾਂਦਾ ਹੈ ਅਤੇ ਮੁਕਤੀ ਮਿਲ ਜਾਂਦੀ ਹੈ। ਇਹ ਵਾਹਿਗੁਰੂ ਤੋਂ ਬਿਨਾਂ ਜੋ ਦਵੈਤ ਹੈ ਉਹ ਦੂਰ ਹੋ ਜਾਂਦੀ ਹੈ ਜਦੋਂ ਮਨੁੱਖ ਗੁਰ ਮੰਤਰ ਲੈ ਲੈਂਦਾ ਹੈ। ਜਾਲਪ ਭੱਟ ਕਹਿੰਦੇ ਹਨ ਕਿ ਸ਼੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤਿਆਂ ਉਨ੍ਹਾਂ ਦੀ ਸੰਗਤ ਕੀਤਿਆਂ ਏਨੇ ਪਦਾਰਥ ਪ੍ਰਾਪਤ ਹੋ ਜਾਂਦੇ ਹਨ। ਇਹ ਸ਼੍ਰੀ ਗੁਰੂ ਅਮਰਦਾਸ ਜੀ ਦੀ ਵਡਿਆਈ ਹੈ।

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ

**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181

## Advisors

1. S. Baldev Singh Munder, Sr. Manager (Regd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your
name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥**
**ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਇ ਬਨਿ ॥**

ਚੇਤਿ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 23-05-2024 (ਵੀਰਵਾਰ)**
**ਸੰਗਰਾਂਦ - 14-05-2024 (ਮੰਗਲਵਾਰ)**
**ਮੱਸਿਆ - 08-05-2024 (ਬੁੱਧਵਾਰ)**

## ਤਤਕਰਾ

ਜਿਲਦ ਨੰ. 41 | ਅੰਕ - 131 | ਮਈ - 2024


| | | |
|---|---|---|
| 1. | ਅੰਤਰਰਾਸ਼ਟਰੀ ਮਜ਼ਦੂਰ ਦਿਵਸ 'ਤੇ ਵਿਸ਼ੇਸ਼ | 4 |
| 2. | ਮਈ ਮਹੀਨੇ ਦੇ ਵਿਸ਼ੇਸ਼ ਧਾਰਮਿਕ ਦਿਹਾੜੇ | 7 |
| 3. | ਦਸਮੇਸ਼ ਰਚਨਾ 'ਚ ਭਰਮ ਪਖੰਡਾਂ ਦਾ ਖੰਡਨ | 10 |
| 4. | ਗੁਰ ਸਾਗਰ ਦੇ ਸੁੱਚੇ ਮੋਤੀ | 12 |
| 5. | ਮਜ਼ਦੂਰਾਂ ਨੂੰ ਆਪ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ | 13 |
| 6. | ਮਾਰਚ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 14 |
| 7. | ਜੀਵਨ ਵਿਕਾਸ – ਇਕ ਸੰਘਰਸ਼ | 16 |
| 8. | ਇਕ ਖੁਸ਼ ਸ਼ਹਿਜਾਦਾ | 17 |
| 9. | ਗੰਭੀਰ ਸਮੱਸਿਆ ਬਣ ਰਿਹਾ ਹੈ – ਮੋਬਾਇਲ | 21 |
| 10. | ਜੀਵਨ ਤੇ ਅਨੁਸ਼ਾਸ਼ਨ | 22 |
| 11. | ਬੁਢੇਪੇ ਦੀ ਡੰਗੋਰੀ ਧੀਆਂ ਕਿਉਂ ਨਹੀਂ ਬਣ ਸਕਦੀਆਂ | 24 |
| 12. | ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ | 26 |
| 13. | ਕਹਾਣੀ (ਜਾਣੀ-ਜਾਣ) | 28 |
| 14. | ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ..... | 30 |
| 15. | ਹੋਣਹਾਰ ਨੌਜਵਾਨ ਸੁਖਜਿੰਦਰ ਸਿੰਘ ਗੋਲਡੀ | 31 |
| 16. | ਜਾਨਲੇਵਾ ਬਣਦਾ ਜਾ ਰਿਹਾ ਫਾਸਟ ਫੂਡ | 32 |
| 17. | ਅਪਾਹਜ | 34 |
| 18. | ਆਓ ਜਾਣੀਏ! | 35 |
| 19. | ਸਿਹਤ ਸੰਭਾਲ | 36 |
| 20. | ਕਾਵਿ-ਕਿਆਰੀ | 37 |
| 21. | Matrimonial | 40 |
| 22. | ਦਾਨੀ ਸੱਜਣਾਂ ਦੀ ਸੂਚੀ | 42 |


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**




**1 ਮਈ ਮਜ਼ਦੂਰ ਦਿਵਸ**

# ਅੰਤਰਰਾਸ਼ਟਰੀ ਮਜ਼ਦੂਰ ਦਿਵਸ 'ਤੇ ਵਿਸ਼ੇਸ਼

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅ.ਫਸਰ
(ਸੇਵਾ ਮੁਕਤ)
ਸੰਪਾਦਕ
98141-28181



ਸੰਸਾਰ ਭਰ ਵਿਚ ਹਰ ਸਾਲ 1 ਮਈ ਨੂੰ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਕਿਸੇ ਵੀ ਸਮਾਜ, ਦੇਸ਼, ਉਦਯੋਗ ਤੇ ਸੰਸਥਾ ਵਿਚ ਮਜ਼ਦੂਰਾਂ, ਕਾਮਿਆਂ ਤੇ ਮਿਹਨਤਕਸ਼ਾਂ ਦਾ ਵਿਸ਼ੇਸ਼ ਰੋਲ ਹੁੰਦਾ ਹੈ। ਮਜ਼ਦੂਰ ਦਿਵਸ ਮਨਾਉਣ ਦਾ ਮੁੱਖ ਉਦੇਸ਼ ਜਿੱਥੇ ਮਜ਼ਦੂਰਾਂ ਦੇ ਸੰਘਰਸ਼ ਭਰੇ ਜੀਵਨ ਅਤੇ ਉਹਨਾਂ ਦੀਆਂ ਆਰਥਿਕ ਤੇ ਸਮਾਜਿਕ ਪ੍ਰਾਪਤੀਆਂ ਬਾਰੇ ਹਾਲ ਬਿਆਨ ਕਰਨਾ ਹੁੰਦਾ ਹੈ ਉਥੇ ਉਹਨਾਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਦੀਆਂ ਚੁਣੌਤੀਆਂ ਤੋਂ ਜਾਣੂ ਕਰਵਾਉਣਾ ਵੀ ਹੁੰਦਾ ਹੈ।

ਅੰਤਰਰਾਸ਼ਟਰੀ ਮਜ਼ਦੂਰ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ 1 ਮਈ 1886 ਤੋਂ ਮੰਨੀ ਜਾਂਦੀ ਹੈ। ਜਦੋਂ ਅਮਰੀਕਾ ਵਿਚ ਮਜ਼ਦੂਰ ਯੂਨੀਅਨਾਂ ਨੇ ਕੰਮ ਦਾ ਸਮਾਂ 8 ਘੰਟੇ ਤੋਂ ਵੱਧ ਨਾਂ ਰੱਖੇ ਜਾਣ ਲਈ ਹੜਤਾਲ ਕੀਤੀ ਸੀ। ਇਸ ਹੜਤਾਲ ਦੌਰਾਨ ਸ਼ਿਕਾਗੋ ਸ਼ਹਿਰ ਦੇ ਹੇਅ ਮਾਰਕੀਟ ਵਿਚ ਬੰਬ ਧਮਾਕਾ ਹੋਇਆ ਸੀ। ਇਸ ਦੇ ਸਿੱਟੇ ਵਜੋਂ ਪੁਲਿਸ ਨੇ ਮਜ਼ਦੂਰਾਂ ਉੱਤੇ ਗੋਲੀ ਚਲਾ ਦਿੱਤੀ ਸੀ। ਇਸ ਗੋਲੀਬਾਰੀ ਵਿਚ ਸੱਤ ਮਜ਼ਦੂਰ ਮਾਰੇ ਗਏ ਸਨ। ਮੌਕੇ 'ਤੇ ਮੌਜੂਦ ਗਵਾਹਾਂ ਨੇ ਤਸਦੀਕ ਕੀਤਾ ਸੀ ਕਿ ਗੋਲੀਆਂ ਦੀਆਂ ਫਲੈਸਾਂ ਗਲੀ ਦੇ ਕੇਂਦਰ ਵਿਚੋਂ ਆਈਆਂ ਸਨ ਜਿੱਥੇ ਪੁਲਿਸ ਖੜ੍ਹੀ ਸੀ। ਮੁੱਢਲੀਆਂ ਰਿਪੋਰਟਾਂ ਵਿਚ ਵੀ ਭੀੜ ਵੱਲੋਂ ਗੋਲੀ ਚਲਾਉਣ ਦਾ ਕੋਈ ਜ਼ਿਕਰ ਨਹੀਂ ਸੀ। ਮੌਕੇ 'ਤੇ ਇੱਕ ਟੈਲੀਗ੍ਰਾਫ਼ ਵਿਭਾਗ ਦਾ ਖੰਭਾਂ ਵੀ ਗੋਲੀਆਂ ਲੱਗਣ ਕਾਰਨ ਉਸ ਪਾਸੇ ਤੋਂ ਮੋਰੀਆਂ ਨਾਲ ਭਰਿਆ ਸੀ ਜਿਸ 'ਤੇ ਪੁਲਿਸ ਵਾਲੇ ਪਾਸੇ ਤੋਂ ਗੋਲੀਆਂ ਆਈਆਂ ਸਨ। ਇਸ ਅੰਨ੍ਹੇਵਾਹ ਕੀਤੀ ਫਾਇਰਿੰਗ ਵਿਚ ਕਈ ਮਜ਼ਦੂਰ ਮਾਰੇ ਗਏ। ਸ਼ਿਕਾਗੋ ਸ਼ਹਿਰ ਵਿਚ ਪੁਲਿਸ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ ਸੱਤ ਮਜ਼ਦੂਰਾਂ ਦੀ ਮੌਤ ਹੋਈ। ਜਿਨ੍ਹਾਂ ਵਿਚ

(1) ਅਲਬਰਟ ਪਾਰਸਨਸ–ਪ੍ਰਿੰਟਿੰਗ ਪ੍ਰੈੱਸ ਦਾ ਮਜ਼ਦੂਰ

(2) ਆਰਾਸਟ ਸਪਾਇਸ–ਫਰਨੀਚਰ ਦਾ ਕਾਰੀਗਰ



(3) ਏਲਾਡਫ ਫਿਸਰ-ਪ੍ਰਿੰਟਿੰਗ ਪ੍ਰੈੱਸ ਦਾ ਮਜ਼ਦੂਰ

(4) ਜਾਰਜ ਏਂਜਿੰਲ-ਖਿਡੌਣੇ ਵੇਚਣ ਵਾਲਾ

(5) ਸੈਮੂਅਲ ਫੀਲਡੇਨ-ਢਲਾਈ ਮਜ਼ਦੂਰ

(6) ਮਾਈਕਲ ਸ਼ਵਾਬ-ਬੁੱਕ ਬਾਈਂਡਰ ਅਤੇ


(7) ਆਸਕਰ ਨੀਬੇ-ਦੁਕਾਨ ਵਿਚ ਹਿੱਸੇਦਾਰ ਸ਼ਾਮਲ ਸਨ।

ਸ਼ਿਕਾਗੋ ਸ਼ਹਿਰ ਵਿਚ ਪਹਿਲੀ ਵਾਰ ਸ਼ਹੀਦ ਮਜ਼ਦੂਰਾਂ ਦੀ ਯਾਦ ਵਿਚ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਤੋਂ ਬਾਅਦ ਪੈਰਿਸ ਵਿਚ 1889 ਨੂੰ ਅੰਤਰਰਾਸ਼ਟਰੀ ਸੰਮੇਲਨ ਕੀਤਾ ਗਿਆ ਅਤੇ ਐਲਾਨ ਕੀਤਾ ਗਿਆ ਕਿ ਹਰ ਸਾਲ 1 ਮਈ ਸ਼ਿਕਾਗੋ ਵਿਚ ਮਾਰੇ ਗਏ ਮਜ਼ਦੂਰਾਂ ਦੀ ਯਾਦ ਵਿਚ ਮਜ਼ਦੂਰ ਦਿਵਸ ਮਨਾਇਆ ਜਾਇਆ ਕਰੇਗਾ।

ਮਜ਼ਦੂਰਾਂ ਦੀ ਲਗਨ ਅਤੇ ਮਿਹਨਤ ਦੀ ਬਦੌਲਤ ਹੀ ਅੱਜ ਦੁਨੀਆਂ ਭਰ ਦੇ ਹਰ ਦੇਸ਼ ਹਰ ਖੇਤਰ ਵਿਚ ਵਿਕਾਸ ਕਰ ਰਹੇ ਹਨ। ਸਿਰਫ਼ ਭਾਰਤ ਹੀ ਨਹੀਂ ਦੁਨੀਆਂ ਦੇ ਕਰੀਬ 80 ਦੇਸ਼ਾਂ ਵਿਚ ਇਸ ਦਿਨ ਛੁੱਟੀ ਰਹਿੰਦੀ ਹੈ। ਮਜ਼ਦੂਰ ਦਿਵਸ ਨੂੰ ਮਈ ਦਿਵਸ, ਲੇਬਰ ਡੇਅ, ਕਰਮਚਾਰੀ ਦਿਵਸ ਆਦਿ ਨਾਵਾਂ ਨਾਲ ਵੀ ਮਨਾਇਆ ਜਾਂਦਾ ਹੈ। ਭਾਰਤ ਵਿਚ ਮਜ਼ਦੂਰ ਦਿਵਸ ਮਨਾਉਣ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਤਾਮਿਲਨਾਡੂ ਦੀ ਰਾਜਧਾਨੀ ਚੇਨਈ ਵਿਚ 1 ਮਈ 1923 ਨੂੰ ਹੋਈ ਸੀ। ਭਾਰਤ ਵਿਚ ਮਦਰਾਸ ਹਾਈਕੋਰਟ ਸਾਹਮਣੇ ਇੱਕ ਵੱਡਾ ਪ੍ਰਦਰਸ਼ਨ ਕੀਤਾ ਗਿਆ ਤੇ ਇਹ ਮੰਗ ਰੱਖੀ ਗਈ ਕਿ ਭਾਰਤ ਵਿਚ ਵੀ 1 ਮਈ ਨੂੰ ਇਸ ਦਿਵਸ ਨੂੰ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਦੀ ਛੁੱਟੀ ਕੀਤੀ ਜਾਵੇ।

ਕਿਸੇ ਵੀ ਦੇਸ਼, ਸਮਾਜ, ਸੰਸਥਾ ਅਤੇ ਉਦਯੋਗ ਵਿਚ ਮਜ਼ਦੂਰ ਜਮਾਤ ਦਾ ਬੜਾ ਅਹਿਮ ਰੋਲ ਹੁੰਦਾ ਹੈ। ਕਿਸੇ ਵੀ ਉਦਯੋਗ ਦੀ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਕਾਮਿਆਂ ਤੋਂ ਬਿਨਾਂ ਕੋਈ ਵੀ ਸਨਅਤੀ ਢਾਂਚਾ ਖੜ੍ਹਾ ਨਹੀਂ ਰਹਿ ਸਕਦਾ। ਭਾਰਤੀ ਹਾਲਾਤਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਹੰਕਾਰੀ ਅਤੇ ਲੁਟੇਰੇ ਹਾਕਮ ਮਲਿਕ ਭਾਗੋ ਦੀ ਰੋਟੀ ਨਾਂ ਖਾ ਕੇ ਉਸ ਦਾ ਹੰਕਾਰ ਤੋੜਿਆ ਤੇ ਭਾਈ ਲਾਲੋ ਦੀ ਕਿਰਤ ਨੂੰ ਸਤਿਕਾਰ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਨੇ ਗਰੀਬ ਮਜ਼ਦੂਰ ਅਤੇ ਕਾਮੇ ਦਾ ਹਲੀਮੀ ਰਾਜ ਸਥਾਪਿਤ ਕਰਨ ਲਈ ਮਨੁੱਖ ਨੂੰ ਮਨਮੁੱਖ ਤੋਂ ਗੁਰਮੁਖ ਬਨਣ ਦਾ ਸੰਦੇਸ਼ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਅਤੇ ਦਸਵੰਧ ਕੱਢਣ ਦਾ ਸੰਦੇਸ਼ ਦਿੱਤਾ।

ਅੱਜ ਵੀ ਵਿਕਸਤ ਦੇਸ਼ਾਂ ਸਮੇਤ ਸਾਰੇ ਵਿਸ਼ਵ ਵਿਚ ਹੀ ਕਿਸਾਨ ਤੇ ਕਿਰਤੀ ਔਖਾ ਜੀਵਨ ਬਸਰ ਕਰ ਰਹੇ ਹਨ। ਭਾਰਤ ਵਿਚ ਵਿਸ਼ੇਸ਼ ਕਰਕੇ ਖੇਤੀ ਮਜ਼ਦੂਰ, ਕਿਸਾਨ ਅਤੇ ਛੋਟੇ-ਵੱਡੇ ਕਸਬਿਆਂ ਵਿਚ ਕੰਮ ਕਰਦੇ ਕਿਰਤੀ ਮਜ਼ਦੂਰਾਂ ਲਈ ਜੀਵਨ ਜਿਊਣ ਲਈ ਬਹੁਤੇ ਚੰਗੇ ਸਾਧਨ ਉਪਲਬਧ ਨਹੀਂ ਹਨ। ਕਾਮਿਆਂ ਨੂੰ ਬੈਠਣ, ਅਰਾਮ ਕਰਨ ਤੇ ਪੀਣ ਵਾਲੇ





ਪਾਣੀ ਦੀਆਂ ਮੁੱਢਲੀਆਂ ਸਹੂਲਤਾਂ ਨਹੀਂ ਮਿਲਦੀਆਂ। ਵਿਸ਼ਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਭਾਰਤ ਵਿਚ ਇਕ ਤਿਹਾਈ ਅਬਾਦੀ ਗਰੀਬ ਕਿਰਤੀਆਂ ਅਤੇ ਕਿਸਾਨਾਂ ਦੀ ਹੈ ਜੋ ਗਰੀਬੀ ਰੇਖਾ ਤੋਂ ਵੀ ਹੇਠਾਂ ਦੀ ਜ਼ਿੰਦਗੀ ਬਤੀਤ ਕਰ ਰਹੀ ਹੈ, ਉਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਕਰਨ ਲਈ ਸਰਕਾਰੀ ਤੇ ਗ਼ੈਰ ਸਰਕਾਰੀ ਪੱਧਰ ਤੇ ਹੋਰ ਬਹੁਤ ਉਪਰਾਲੇ ਕਰਨ ਦੀ ਜ਼ਰੂਰਤ ਹੈ।

ਪ੍ਰਸਿੱਧ ਸਮਾਜ ਸ਼ਾਸਤਰੀ ਕਾਰਲ ਮਾਰਕਸ ਨੇ ਕਿਹਾ ਸੀ ਕਿ ਮਜ਼ਦੂਰ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਉਸ ਨੂੰ ਉਸਦੀ ਮਜ਼ਦੂਰੀ ਮਿਲ ਜਾਣੀ ਚਾਹੀਦੀ ਹੈ। ਇਹੋ ਹੀ ਅਸਲ ਲਫ਼ਜ਼ਾਂ ਵਿਚ ਸਮਾਜਵਾਦ ਹੈ। ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਕਿਸੇ ਦੇਸ਼ ਦੀ ਤਰੱਕੀ ਉਸ ਦੇਸ਼ ਦੇ ਕਾਮਿਆ ਅਤੇ ਕਿਸਾਨਾਂ ਉੱਤੇ ਨਿਰਭਰ ਕਰਦੀ ਹੈ। ਉਦਯੋਗਪਤੀ ਮਾਲਕ ਜਾਂ ਪ੍ਰਬੰਧਕ ਸਮਝਣ ਦੀ ਬਜਾਏ ਆਪਣੇ ਆਪ ਨੂੰ ਟਰੱਸਟੀ ਸਮਝਣ। 'ਲੋਕਰਾਜੀ ਢਾਂਚੇ ਵਿਚ ਸਰਕਾਰ ਲੋਕਾਂ ਦੁਆਰਾ ਚੁਣੀ ਜਾਂਦੀ ਹੈ ਤੇ ਲੋਕ ਸਿਆਸੀ ਲੋਕਾਂ ਨੂੰ ਦੇਸ਼ ਦੀ ਵਾਂਗਡੋਰ ਟਰੱਸਟੀ ਦੇ ਰੂਪ ਵਿਚ ਸੌਂਪਦੇ ਹਨ। ਉਹ ਪ੍ਰਬੰਧ ਚਲਾਉਣ ਲਈ ਮਜ਼ਦੂਰਾਂ, ਕਾਮਿਆਂ ਅਤੇ ਕਿਸਾਨਾਂ ਦੀ ਬਿਹਤਰੀ, ਭਲਾਈ ਤੇ ਵਿਕਾਸ, ਅਮਨ ਕਾਨੂੰਨ ਦੀ ਵਿਵਸਥਾ ਬਣਾਏ ਰੱਖਣ ਦੀ ਜ਼ਿੰਮੇਵਾਰੀ ਨਾਲ ਬੱਝੇ ਹੋਏ ਹੁੰਦੇ ਹਨ। ਸਰਕਾਰਾਂ ਦਾ ਮੁੱਖ ਫ਼ਰਜ਼ ਇਹਨਾਂ ਵਰਗਾਂ ਲਈ ਕੁਦਰਤੀ ਨਿਆਂ ਅਤੇ ਅਸੂਲ ਦੇ ਸਿਧਾਂਤ ਅਨੁਸਾਰ ਇਨਸਾਫ਼ ਪ੍ਰਦਾਨ ਕਰਨਾ ਹੁੰਦਾ ਹੈ।


# ਕਿਰਤ ਕਰੋ, ਨਾਮ ਜਪੋ, ਵੰਡ ਛਕੋ ।

**ਗੱਲ ਤਾਂ ਬੱਸ ਵਿਸ਼ਵਾਸ਼ ਦੀ ਹੁੰਦੀ ਹੈ, ਐਵੇਂ ਤਾਂ ਨਹੀਂ ਲੱਖਾਂ ਕਰੋੜਾਂ ਦਾ ਸਮਾਨ ਇਕ ਜਿੰਦਰੇ ਦੇ ਸਹਾਰੇ ਛੱਡਿਆ ਜਾਂਦਾ।**


# ਮਈ ਮਹੀਨੇ ਦੇ ਵਿਸ਼ੇਸ਼ ਧਾਰਮਿਕ ਦਿਹਾੜੇ

### ਪ੍ਰਕਾਸ਼ ਗੁਰਪੁਰਬ ਤੇ ਵਿਸ਼ੇਸ਼

## ਪ੍ਰਕਾਸ਼ ਗੁਰਪੁਰਬ ਗੁਰੂ ਅਮਰਦਾਸ ਜੀ




ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼, ਸ੍ਰੀ ਤੇਜ ਭਾਨ ਜੀ ਭੱਲੇ ਖਤਰੀ ਦੇ



ਘਰ ਮਾਤਾ ਲੱਖਮੀ (ਸੁਲੱਖਣੀ) ਜੀ ਦੀ ਕੁੱਖ ਤੋਂ ਮਿਤੀ 27 ਵਿਸਾਖ ਸੰਮਤ 1536 ਬਿਕਰਮੀ 1479ਈ. (ਵਿਸਾਖੀ ਸੁਦੀ ਚੌਦਸ) ਦਿਨ ਸ਼ੁੱਕਰਵਾਰ ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ।

ਸ੍ਰੀ ਗੁਰੂ ਅਮਰਦਾਸ ਜੀ ਦੇ ਤਿੰਨ ਹੋਰ ਛੋਟੇ ਭਰਾ ਸਨ, ਈਸ਼ਰ ਦਾਸ (ਭਾਈ ਗੁਰਦਾਸ ਜੀ ਦੇ ਪਿਤਾ), ਖੇਮ ਰਾਇ ਅਤੇ ਮਾਨਕ ਚੰਦ। ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਛੋਟੇ ਤਾਂ ਗੁਰੂ ਅੰਗਦ ਦੇਵ ਜੀ ਤੋਂ 25 ਸਾਲ ਵੱਡੇ ਸਨ। ਗੁਰੂ ਅਮਰਦਾਸ ਜੀ ਆਪਣੇ ਪਿਤਾ ਵਾਂਗ ਇਕਾਦਸ਼ੀ ਦਾ ਵਰਤ ਰੱਖਦੇ ਸੀ ਅਤੇ ਪਿੰਡ ਵਿੱਚ ਆਏ ਸਾਧੂ ਸੰਤਾਂ ਦੀ ਸੇਵਾ ਕਰਕੇ ਬਹੁਤ ਖੁਸ਼ ਹੁੰਦੇ ਸਨ। ਆਪ ਹਰ ਸਾਲ ਗੰਗਾ ਇਸ਼ਨਾਨ ਵਾਸਤੇ ਵੀ ਜਾਇਆ ਕਰਦੇ ਸਨ। ਇਹ ਯਾਤਰਾ ਕਰਦੇ ਇਕ ਵਾਰ ਆਪ ਅੰਬਾਲਾ ਨੇੜੇ ਕਿਸੇ ਥਾਂ 'ਤੇ ਠਹਿਰੇ ਤਾਂ ਇਕ ਸਾਥੀ ਪੰਡਿਤ ਨੇ ਪੁਛਿਆ ਕੁ ਤੁਹਾਡਾ ਗੁਰੂ ਕੌਣ ਹੈ? ਇਹ ਦੱਸਣ ਤੇ ਕਿ ਉਨ੍ਹਾਂ ਨੇ ਅਜੇ ਕੋਈ ਗੁਰੂ ਨਹੀਂ ਧਾਰਿਆ, ਪੰਡਿਤ ਨੇ ਸਾਥ ਛੱਡਦਿਆਂ ਕਿਹਾ 'ਨਿਗੁਰੇ' ਦਾ ਤਾਂ ਦਰਸ਼ਨ ਵੀ ਮਾੜਾ ਹੁੰਦਾ ਹੈ। ਉਸ ਦਿਨ ਤੋਂ ਆਪ ਜੀ ਦੇ ਮਨ ਵਿੱਚ ਗੁਰੂ ਦੀ ਖਿੱਚ ਪੈਦਾ ਹੋ ਗਈ।

**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**99153-57524**



ਸ੍ਰੀ ਗੁਰੂ ਅਮਰਦਾਸ ਜੀ ਦਾ ਵਿਆਹ ਪਿੰਡ ਸੁਣਖਤਰਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਦੇਵੀ ਚੰਦ ਬਹਿਲ ਦੀ ਸਪੁੱਤਰੀ ਰਾਮ ਦੇਈ ਜੀ ਨਾਲ 1502 ਈ. 'ਚ ਹੋਇਆ। ਆਪ ਜੀ ਦੇ ਦੋ ਪੁੱਤਰ ਸਨ (ਮੋਹਣ ਤੇ ਮੋਹਰੀ ਜੀ) ਤੇ ਦੋ ਪੁੱਤਰੀਆਂ (ਬੀਬੀ ਦਾਨੀ ਤੇ ਬੀਬੀ ਭਾਨੀ ਜੀ) ਸਨ। ਗੁਰੂ ਅਮਰਦਾਸ ਜੀ ਸੱਚੇ-ਸੁੱਚੇ ਕਾਰੋਬਾਰੀ ਤੇ ਸਫਲ ਗ੍ਰਹਿਸਥੀ ਹੋਣ ਦੇ ਨਾਲ ਭਜਨ-ਬੰਦਗੀ, ਸਤਿਸੰਗ ਤੇ ਪਰਮਾਰਥ ਨਾਲ ਡੂੰਘੀ ਲਗਨ ਰੱਖਦੇ ਸਨ।

ਬੀਬੀ ਅਮਰੋ ਜੀ ਜੋ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸਨ, ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਭਰਾ ਦੇ ਬੇਟੇ ਨਾਲ ਵਿਆਹੀ ਹੋਈ ਸੀ, ਜੋ ਕਿ ਬਹੁਤ ਹੀ ਧਾਰਮਿਕ ਖਿਆਲਾਂ ਵਾਲੀ ਸੀ। ਨੇਮ ਅਨੁਸਾਰ ਇਕ ਦਿਨ ਬੀਬੀ ਅਮਰੋ ਜੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨ ਉਪ੍ਰੰਤ ਦੁੱਧ ਰਿੜਕ ਰਹੇ ਸਨ ਤੇ ਨਾਲ ਹੀ ਮਿਠੀ ਸੁਰ ਵਿੱਚ ਗੁਰਬਾਣੀ ਦਾ ਪਾਠ ਕਰ ਰਹੇ ਸਨ। ਜਿਸ ਸਮੇਂ ਹੇਠ ਲਿਖੀਆਂ ਗੁਰਬਾਣੀ ਦੀਆਂ ਪੰਗਤੀਆਂ ਦਾ ਉਚਾਰਣ ਕਰ ਰਹੇ ਸਨ :

**ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥**
**ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥**

**(ਅੰਗ 990)**

ਉਸ ਸਮੇਂ ਗੁਰੂ ਅਮਰਦਾਸ ਜੀ ਦਾ ਧਿਆਨ ਉਨ੍ਹਾਂ ਪੰਗਤੀਆਂ ਵੱਲ ਗਿਆ ਤਾਂ ਉਨ੍ਹਾਂ ਦਾ ਮਨ ਸ਼ਾਂਤੀ ਮਹਿਸੂਸ ਕਰਨ ਲੱਗਾ, ਉਹ ਇਕ ਪਾਸੇ ਬੈਠ ਕੇ ਪਾਠ ਸੁਣਨ ਲੱਗ ਪਏ। ਜਦੋਂ ਬੀਬੀ ਜੀ ਨੇ ਦੁੱਧ ਰਿੜਕ ਲਿਆ, ਤਾਂ

ਗੁਰੂ ਜੀ ਨੇ ਪੁਛਿਆ, "ਪੁੱਤਰੀ। ਇਹ ਕਿਸ ਦੀ ਬਾਣੀ ਪੜ੍ਹਦੀ ਹੈ?" ਉਸ ਨੇ ਉੱਤਰ ਦਿੱਤਾ, "ਇਹ ਪਰਮ ਪਵਿੱਤਰ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ, ਜਿਨ੍ਹਾਂ ਦੀ ਗੱਦੀ ਤੇ ਇਸ ਵੇਲੇ ਮੇਰੇ ਪਿਤਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਬਿਰਾਜਮਾਨ ਹਨ।" ਇਹ ਉੱਤਰ ਸੁਣ ਕੇ ਮੰਨ ਵਿੱਚ ਦਰਸ਼ਨਾਂ ਦੀ ਤਾਂਘ ਉਠੀ। ਬੀਬੀ ਅਮਰੋ ਤੋਂ ਪਾਠ ਸੁਣਨਾ ਕੁਦਰਤ ਨੇ ਗੁਰੂ ਮਿਲਾਪ ਦਾ ਇਸ ਤਰ੍ਹਾਂ ਵਸੀਲਾ ਬਣਾ ਦਿੱਤਾ। ਬੀਬੀ ਅਮਰੋ ਨੂੰ ਆਪਣੇ ਪਿਤਾ ਜੀ ਨੂੰ ਮਿਲਾਉਣ ਲਈ ਕਿਹਾ। ਬੀਬੀ ਅਮਰੋ ਨੂੰ ਨਾਲ ਲੈ ਕੇ ਗੁਰੂ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਣ ਕਰਨ ਲਈ ਖਡੂਰ ਸਾਹਿਬ ਪਹੁੰਚੇ। ਜਦੋਂ ਸ੍ਰੀ ਗੁਰੂ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਨੂੰ ਮਿਲੇ ਤਾਂ "ਦਰਸ਼ਨ ਭੇਟਤ ਹੋਤ ਨਿਹਾਲਾ" ਦੇ ਵਾਕ ਅਨੁਸਾਰ ਦਰਸ਼ਨ ਕਰਕੇ ਗੱਦ ਗੱਦ ਹੋ ਗਏ। ਆਪ ਜੀ ਨੇ ਬੇਨਤੀ ਕਿ ਸੱਚੇ ਪਾਤਸ਼ਾਹ ਮੈਨੂੰ ਆਪਣੇ ਚਰਨਾਂ 'ਚ ਬੈਠਣ ਤੇ ਸੰਗਤਾਂ ਦੀ ਸੇਵਾ ਦਾ ਸੁਭਾਗ ਬਖਸ਼ੋ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ। ਸਿੱਖ ਧਰਮ ਵਿੱਚ ਗੁਰੂ ਤੇ ਸੰਗਤ ਦੀ ਸੇਵਾ ਨੂੰ ਰੱਬ ਦੀ ਪ੍ਰਾਪਤੀ ਤੇ ਸ਼ਕਤੀ ਸਾਧਨ ਮੰਨਿਆ ਗਿਆ ਹੈ। ਇਸ ਨਾਲ ਮੰਨ ਨੀਵਾਂ ਤੇ ਮੱਤ ਉੱਚੀ ਹੁੰਦੀ ਹੈ। ਪੁਰਾਤਨ ਸਮੇਂ ਅਨੁਸਾਰ ਸੇਵਾ ਨੂੰ ਨੀਚ ਤੇ ਸ਼ੂਦਰ ਜਾਤੀਆਂ ਦਾ ਕੰਮ ਸਮਝਿਆ ਜਾਂਦਾ ਸੀ। ਗੁਰੂ ਅਮਰਦਾਸ ਜੀ ਨੇ 12 ਵਰ੍ਹੇ ਲਗਾਤਾਰ ਖਡੂਰ ਸਾਹਿਬ ਵਿੱਚ ਗੁਰੂ ਅੰਗਦ ਦੇਵ ਜੀ ਨੂੰ ਬਿਆਸ ਨਦੀ ਤੋਂ ਰੋਜ਼ਾਨਾ ਜਲ ਲਿਆ ਕੇ ਇਸ਼ਨਾਨ ਕਰਵਾਉਣ, ਦਿਨੇ, ਰਾਤ ਲੰਗਰ ਦੀ ਸੇਵਾ ਕਰਨ, ਝਾੜੂ ਦੇਣ, ਭਾਂਡੇ ਮਾਂਜਣ ਤੇ ਪ੍ਰਸ਼ਾਦਾ ਤਿਆਰ ਕਰਕੇ ਸੰਗਤਾਂ ਨੂੰ ਛਕਾਉਣ ਦੀ ਅਤਿ ਕਠਿਨ ਸੇਵਾ ਕੀਤੀ।

ਸ੍ਰੀ ਗੁਰੂ ਅਮਰਦਾਸ ਜੀ ਦੇ ਚੰਗੇ ਗੁਣਾਂ, ਨਿਸ਼ਕਾਮ ਤੇ ਅਦੁਤੀ ਸੇਵਾ ਕਰਨ ਤੇ ਬੇਹੱਦ ਪ੍ਰਸੰਨ ਸਨ। ਇੱਕ ਦਿਨ ਪਿਆਰ 'ਚ ਆਏ ਗੁਰੂ ਅੰਗਦ ਦੇਵ ਜੀ ਨੇ ਆਪਣੇ ਹਜ਼ੂਰੀ ਸੇਵਕਾਂ ਨੂੰ ਕਿਹਾ, ਕਿ ਜਾਉ ਸ੍ਰੀ ਅਮਰਦਾਸ ਜੀ ਨੂੰ ਨਵੇਂ ਬਸਤਰ ਪਹਿਨਾ ਕੇ ਲੈ ਆਓ। ਗੁਰੂ ਜੀ ਨੇ ਦੀਵਾਨ ਵਿੱਚ ਸ੍ਰੀ ਅਮਰਦਾਸ ਜੀ ਨੂੰ ਚੌਂਕੀ 'ਤੇ ਬਿਠਾ ਕੇ ਬਾਬਾ ਬੁੱਢਾ ਜੀ ਦੇ ਹੱਥੋਂ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਲਗਵਾਇਆ, ਪੰਜ ਪੈਸੇ ਤੇ ਨਾਰੀਅਲ ਰੱਖ ਕੇ ਆਪ ਮੱਥਾ ਟੇਕਿਆ ਤੇ ਪ੍ਰਕਰਮਾਂ ਕੀਤੀਆਂ ਅਤੇ ਬਚਨ ਕੀਤੇ ਕਿ ਇਨ੍ਹਾਂ ਦੀ ਅਦੁੱਤੀ ਘਾਲਣਾ ਥਾਂਏ ਪਈ ਹੈ। ਗੁਰੂ ਅੰਗਦ ਦੇਵ ਜੀ ਦੇ ਆਪਣੇ ਦੋ ਪੁੱਤਰ ਦਾਤੂ ਤੇ ਦਾਸੂ ਸਨ ਪਰ ਗੱਦੀ ਉਨ੍ਹਾਂ ਨੂੰ ਨਹੀਂ ਦਿੱਤੀ ਪਰ ਇਹ ਮਾਣ ਗੁਰੂ ਅਮਰਦਾਸ ਜੀ ਨੂੰ ਬਖਸ਼ਿਆ ਤੇ ਕਿਹਾ ਕਿ ਗੁਰੂ ਅਮਰਦਾਸ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ, ਨਿਗੌਤਿਆਂ ਦੀ ਗੱਤ, ਨਿਪੌਤਿਆਂ ਦੀ ਪੱਤ ਆਦਿ।

* * * * *

### ਗੁਰਗੱਦੀ ਦਿਵਸ ਤੇ ਵਿਸ਼ੇਸ਼

## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ



ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਬਚਪਨ ਵਿਚ ਸਰੀਰਕ ਅਤੇ ਆਤਮਕ ਸਿਖਲਾਈ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਹੋਈ। ਬਾਬਾ ਬੁੱਢਾ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਸ਼ਸ਼ਤਰ ਵਿੱਦਿਆ ਵਿਚ ਨਿਪੁੰਨ ਕੀਤਾ।

ਜਦੋਂ ਗੁਰੂ ਅਰਜਨ ਦੇਵ ਜੀ ਸ਼ਹੀਦੀ ਦੇਣ ਲਈ ਤਿਆਰ ਹੋ ਕੇ ਲਾਹੌਰ ਜਾਣ ਲੱਗੇ ਤਾਂ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਆਦਿਕ ਮੁਖੀ ਸਿੱਖਾਂ ਨੂੰ ਸੱਦ ਕੇ ਉਸ ਵਕਤ ਦੇ ਰਾਜਸੀ ਹਾਲਾਤ ਦੱਸੇ ਤੇ ਆਉਣ ਵਾਲੇ ਸਮੇਂ ਵਿਚ ਹਕੂਮਤ ਨਾਲ ਸਿੱਧੀ ਟੱਕਰ ਹੋਣ ਬਾਰੇ ਵੀ ਸੰਭਾਵਨਾ ਨੂੰ ਦਰਸਾਇਆ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਭਾਰੀ ਸੰਗਤ ਦੇ ਸਾਹਮਣੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੌਂਪੀ, ਉਸ ਸਮੇਂ ਇਨ੍ਹਾਂ ਦੀ ਉਮਰ ਸਿਰਫ਼ 11 ਸਾਲ ਦੀ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖ ਸੰਗਤਾਂ ਵਿਚ ਜੋਸ਼ ਭਰ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਦੋ ਤਲਵਾਰਾਂ ਧਾਰਨ ਕਰ ਲਈਆਂ ਤੇ ਕਿਹਾ ਕਿ ਇਕ ਤਲਵਾਰ ਮੀਰੀ ਦੀ ਤੇ ਦੂਸਰੀ ਪੀਰੀ ਦੀ। ਸੰਗਤਾਂ ਅੰਦਰ ਬੀਰ ਰਸ ਪੈਦਾ ਕਰਨ ਲਈ ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਸਾਰੇ ਦੂਰ-ਦੁਰੇਡੇ ਖ਼ਬਰਾਂ ਭੇਜੀਆਂ ਤੇ ਹੁਕਮਨਾਮੇ ਭੇਜੇ ਕਿ ਸਿੱਖ ਆਪਣੇ ਨਾਲ ਸ਼ਸ਼ਤਰ, ਘੋੜੇ ਤੇ ਕ੍ਰਿਪਾਨਾਂ ਜਾਂ ਹੋਰ ਕੋਈ ਵੀ ਜੰਗੀ ਸਮਾਨ ਲਿਆ ਸਕਦਾ ਹੋਵੇ ਲੈ ਕੇ ਆਵੇ। ਸਤਿਗੁਰ ਜੀ ਦੇ ਸਿੱਖ ਹੁੰਮ ਹੁੰਮਾ ਕੇ ਪਹੁੰਚਣਾ ਸ਼ੁਰੂ ਹੋ ਗਏ। ਸਿੱਖਾਂ ਨੂੰ ਘੋੜ ਸਵਾਰੀ ਤੇ ਸ਼ਸ਼ਤਰਾਂ ਦੀ ਵਿੱਦਿਆ ਦੇਣੀ ਸ਼ੁਰੂ ਹੋ ਗਈ। ਸਿੱਖ ਸੰਗਤਾਂ ਨੂੰ ਨਿਪੁੰਨ ਬਣਾਉਣ ਲਈ ਰੋਜ਼ ਅਖਾੜੇ ਲੱਗਣ ਲੱਗੇ ਤੇ ਹਰ ਤਰ੍ਹਾਂ ਦੇ ਜੰਗੀ ਅਭਿਆਸ ਸ਼ੁਰੂ ਕਰ ਦਿੱਤੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਾਹਮਣੇ ਅਕਾਲ ਤਖ਼ਤ ਬਣਵਾਇਆ। ਇਹ ਐਸਾ ਤਖ਼ਤ ਹੈ ਜਿਸ ਦੇ ਦਰਸ਼ਨ ਕਰਨ ਨਾਲ ਹੀ ਸਿੱਖਾਂ ਦੇ ਹਿਰਦਿਆਂ ਵਿਚ ਰਾਜਸੀ ਠਾਠ ਬਾਠ ਦਾ ਪ੍ਰਭਾਵ ਪੈਦਾ ਹੋ ਜਾਂਦਾ ਹੈ ਤੇ ਦੁਸ਼ਮਣਾਂ ਨਾਲ ਟੱਕਰ ਲੈਣ ਲਈ ਖ਼ੂਨ ਖੌਲਣ ਲੱਗ ਪੈਂਦਾ ਹੈ। ਹੁਣ ਅਭਿਆਸ ਦੇ ਨਾਲ-ਨਾਲ ਢਾਡੀ ਯੋਧਿਆਂ ਦੀ ਵਾਰਾਂ ਗਾ ਕੇ ਬੀਰ-ਰਸ ਪੈਦਾ ਕਰਨ ਲੱਗ ਪਏ। ਗੁਰੂ ਹਰਿਗੋਬਿੰਦ ਜੀ ਆਪ ਸੰਗਤਾਂ ਦੇ ਰੂ-ਬ-ਰੂ ਹੋ ਕੇ ਬੀਰ ਰਸ ਨਾਲ ਭਰਪੂਰ ਵਖਿਆਣ ਕਰਦੇ।

ਇਸ ਸਾਰੇ ਦਾ ਏਨਾ ਪ੍ਰਭਾਵ ਪਿਆ ਕਿ ਸੰਗਤਾਂ ਗੁਰੂ ਜੀ ਵੱਲ ਨੂੰ ਵਹੀਰਾਂ ਘੱਤੀ ਆਉਣੀਆਂ ਸ਼ੁਰੂ ਹੋ ਗਈਆਂ। ਕਰਤਾਰਪੁਰ ਦੇ ਨੇੜੇ ਕਈ ਪਠਾਣਾਂ ਨੇ ਆਪਣੇ ਆਪ ਨੂੰ ਗੁਰੂ ਜੀ ਨੂੰ ਭੇਟ ਕਰ ਦਿੱਤਾ। ਪੈਂਦੇ ਖਾਨ ਵੀ ਇਨ੍ਹਾਂ ਪਠਾਣਾਂ ਵਿਚੋਂ ਇਕ ਸੀ। ਲੋਕਾਂ ਵਿਚ ਹੋਰ ਜਾਗਰਤੀ ਪੈਦਾ ਕਰਨ

ਲਈ ਗੁਰੂ ਜੀ ਨੇ ਦੁਆਬੇ ਦੇ ਪਿੰਡਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ। ਇਥੋਂ ਵੀ ਸੰਗਤਾਂ ਨੇ ਬਹੁਤ ਸਹਿਯੋਗ ਦਿੱਤਾ। ਫਿਰ ਗੁਰੂ ਜੀ ਮਾਲਵੇ ਦੇ ਇਲਾਕੇ ਵਿਚ ਘੁੰਮੇ ਤੇ ਸੰਗਤਾਂ ਨੂੰ ਨਾਲ ਜੋੜਿਆ। ਸੰਨ 1616 ਵਿਚ ਗੁਰੂ ਜੀ ਕਸ਼ਮੀਰ ਗਏ। ਉਥੇ ਕਸ਼ਮੀਰੀ, ਗਰੀਬੀ ਤੇ ਭੁੱਖ ਦੇ ਕਾਰਣ ਦੁਖੀ ਸਨ।ਆਪ ਜੀ ਜੋ ਮਾਇਆ ਦਸਵੰਧ ਦੇ ਤੌਰ 'ਤੇ ਆਉਂਦੀ ਸੀ, ਉਸ ਵਿਚੋਂ ਉਨ੍ਹਾਂ ਗਰੀਬਾਂ ਤੇ ਜ਼ਰੂਰਤਮੰਦਾਂ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ। ਉਥੋਂ ਦੇ ਲੋਕ ਏਨੇ ਪ੍ਰਭਾਵਤ ਹੋ ਗਏ ਕਿ ਕਈ ਮੁਸਲਮਾਨ ਵੀ ਸਿੱਖ ਬਣ ਗਏ। ਜਿੰਨਾਂ ਵਿੱਚ ਭਾਈ ਕੱਟੂ ਦਾ ਨਾਮ ਮਸ਼ਹੂਰ ਹੈ। ਵਾਪਸੀ ਵੇਲੇ ਗੁਰੂ ਜੀ ਬਾਰਾਂਮੂਲੇ ਦੇ ਰਸਤੇ ਗੁਜਰਾਤ, ਵਜ਼ੀਰਾਬਾਦ ਤੇ ਹਾਫਜ਼ਾਬਾਦ ਹੁੰਦੇ ਹੋਏ ਨਨਕਾਣਾ ਸਾਹਿਬ ਪਹੁੰਚੇ। ਫਿਰ ਆਪ ਲਾਹੌਰ ਆਏ। ਗੁਰੂ ਹਰਿਗੋਬਿੰਦ ਜੀ ਸੰਨ 1618 ਵਿੱਚ ਵਾਪਸ ਅੰਮ੍ਰਿਤਸਰ ਆਏ।



ਜਿਸ ਵੇਲੇ ਮੌਕੇ ਦੇ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਜੀ ਦੀਆਂ ਗਤੀਵਿਧੀਆਂ ਦਾ ਪਤਾ ਲਗਣਾ ਸ਼ੁਰੂ ਹੋਇਆ ਤਾਂ ਉਸ ਨੇ ਖੁਫੀਆਂ ਵਿਭਾਗ ਨੂੰ ਸਿੱਖ ਸੰਗਤਾਂ ਦੀਆਂ ਰੋਜ਼ਾਨਾ ਹੋਣ ਵਾਲੀਆਂ ਗਤੀਆਂ ਨੂੰ ਵਾਚਣ ਲਈ ਕਿਹਾ। ਜਹਾਂਗੀਰ ਨੂੰ ਸਿੱਖਾਂ ਦੀ ਤਾਕਤ ਵਧਦੀ ਨਜ਼ਰ ਆ ਰਹੀ ਸੀ ਤੇ ਉਸ ਨੂੰ ਲੱਗ ਰਿਹਾ ਸੀ ਕਿ ਸ਼ਾਇਦ ਉਸ ਦੇ ਰਾਜ ਵਾਸਤੇ ਇਹ ਬਹੁਤ ਖਤਰਾ ਪੈਦਾ ਕਰ ਸਕਦੀ ਹੈ। ਉਸ ਨੂੰ ਆਪਣੀ ਗੱਦੀ ਜਾਂਦੀ ਨਜ਼ਰ ਆਉਣ ਲੱਗੀ। ਜਹਾਂਗੀਰ ਨੇ ਇਸ ਸਾਰੇ ਨੂੰ ਵਾਚਣ ਤੋਂ ਬਾਅਦ ਆਪਣੇ ਨਿਕਟਵਰਤੀ ਸੈਨਾਪਤੀਆਂ ਨਾਲ ਸਲਾਹ ਮਸ਼ਵਰਾ ਕਰਕੇ ਆਗਰੇ ਤੋਂ ਹੁਕਮ ਜਾਰੀ ਕੀਤਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗ੍ਰਿਫਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਜਾਵੇ। ਉਸ ਵੇਲੇ ਕਿਲ੍ਹੇ ਵਿੱਚ ਪਹਿਲਾਂ ਤੋਂ ਹੀ ਹਿੰਦੂ ਰਾਜੇ ਭੀ ਕੈਦ ਕਰਕੇ ਰੱਖੇ ਹੋਏ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਭੀ ਦਿਲਾਸਾ ਦਿੱਤਾ ਤੇ ਭਾਣੇਂ ਵਿੱਚ ਰਹਿਣ ਲਈ ਕਿਹਾ। ਚਾਰੇ ਪਾਸੇ ਇਹ ਖਬਰ ਅੱਗ ਵਾਂਗ ਫੈਲ ਗਈ ਕਿ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕੀਤਾ ਹੋਇਆ ਹੈ, ਬਸ ਫਿਰ ਕੀ ਸੀ? ਵਹੀਰਾ ਘੱਤ ਘੱਤ ਜਥਿਆਂ ਵਿੱਚ ਸੰਗਤ ਹੀ ਨਹੀਂ ਕਈ ਨੇਕ ਦਿਲ ਮੁਸਲਮਾਨ ਵੀ ਪਹੁੰਚਣ ਲਗੇ। ਪਰ ਕਿਸੇ ਨੂੰ ਵੀ ਮਿਲਣ ਦਾ ਸਮਾਂ ਨਾ ਦਿੱਤਾ ਜਾਂਦਾ। ਜਦੋਂ ਸਾਰਿਆਂ ਨੇ ਮਿਲ ਕੇ ਜਹਾਂਗੀਰ ਦੇ ਵਿਰੁੱਧ ਆਪਣੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੱਕ ਵਿੱਚ ਲੋਕਾਂ ਨੇ ਰਲ ਕੇ ਆਵਾਜ਼ ਉਠਾਈ ਤਾਂ ਮੌਕੇ ਦੀ ਹਕੂਮਤ ਨੂੰ ਗੁਰੂ ਜੀ ਨੂੰ ਛੱਡਣਾ ਪਿਆ। ਪਰ ਗੁਰੂ ਜੀ ਨੇ ਬਾਕੀ ਹਿੰਦੂ ਰਾਜੇ ਜੋ ਕਿ ਗਿਣਤੀ ਵਿੱਚ 52 ਸਨ ਨੂੰ ਵੀ ਛੱਡਣ ਲਈ ਕਿਹਾ ਪਰ ਹਕੂਮਤ ਦੇ ਨਾਂ ਮੰਨਣ ਤੇ ਗੁਰੂ ਜੀ ਨੇ ਵੀ ਕਿਲ੍ਹੇ ਤੋਂ ਬਾਹਰ ਜਾਣ ਲਈ ਮਨ੍ਹਾਂ ਕਰ ਦਿੱਤਾ। ਮਜ਼ਬੂਰੀ ਵੱਸ ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ 52 ਰਾਜਿਆਂ ਨੂੰ ਭੀ ਗੁਰੂ ਜੀ ਦੇ ਨਾਲ ਛੱਡਿਆ। ਉਸ ਸਮੇਂ ਤੋਂ ਹੀ ਆਪ ਜੀ ਦਾ ਨਾਮ ਬੰਦੀ ਛੋੜ ਦਾਤਾ ਪੈ ਗਿਆ।


ਜਹਾਂਗੀਰ ਦੀ ਮੌਤ ਤੋਂ ਬਾਅਦ ਸ਼ਾਹ ਜਹਾਨ ਤਖ਼ਤ ਤੇ ਬੈਠਾ ਜੋ ਕਿ ਬਹੁਤ ਕੱਟੜ ਮੁਸਲਮਾਨ ਬਾਦਸ਼ਾਹ ਸੀ। ਇਸ ਨੇ ਮੁਸਲਮਾਨਾਂ ਵਾਸਤੇ ਧਰਮ ਤਬਦੀਲੀ ਦੀ, ਆਪਣੇ ਹੁਕਮ ਰਾਹੀਂ ਮਨਾਹੀ ਕਰ ਦਿੱਤੀ। ਲਾਹੌਰ ਡੱਬੀ ਬਾਜ਼ਾਰ ਵਿੱਚ ਬਣਾਈ ਬਾਉਲੀ ਪੂਰ ਕੇ ਮਸੀਤ ਬਣਾ ਦਿੱਤੀ। ਸਿੱਖਾਂ ਦੇ ਮਨਾਂ ਵਿੱਚ ਜੋਸ਼ ਭੜਕ ਗਿਆ। ਸਿੱਖਾਂ ਦੀ ਤਿਆਰੀ ਤਾਂ ਪੂਰੀ ਪਹਿਲਾਂ ਹੀ ਹੋ ਚੁੱਕੀ ਸੀ। ਸਿੱਖਾਂ ਕੋਲੋਂ ਇਸ ਦੁੱਖ ਨੂੰ ਨਾ ਸਹਾਰਦਿਆਂ ਹੋਇਆਂ ਮੁਗ਼ਲ ਫੌਜਾਂ 'ਤੇ ਚੜ੍ਹਾਈ ਕਰ ਦਿੱਤੀ, ਇਹੀ ਜੰਗ ਨਹੀਂ ਇਸ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗਲ ਫੌਜ਼ਾਂ ਨਾਲ ਚਾਰ ਜੰਗ ਲੜੇ ਤੇ ਚਾਰਾਂ ਵਿੱਚ ਹੀ ਜਿੱਤ ਪ੍ਰਾਪਤ ਕੀਤੀ, ਜੰਗ ਉਪਰੰਤ ਆਪ ਫਿਰ ਸਿੱਖੀ ਦੇ ਪ੍ਰਚਾਰ ਵਿੱਚ ਰੁੱਝ ਗਏ। ਆਪ ਜੀ ਦੇ ਪੰਜ ਸਪੁੱਤਰ ਸਨ 1. ਬਾਬਾ ਗੁਰਦਿੱਤਾ ਜੀ, 2. ਬਾਬਾ ਸੂਰਜ ਮੱਲ੍ਹ ਜੀ 3. ਬਾਬਾ ਅਣਿ ਰਾਇ ਜੀ, 4. ਬਾਬਾ ਅਟੱਲ ਰਾਇ ਜੀ, 5. (ਗੁਰੂ) ਤੇਗ ਬਹਾਦਰ ਜੀ, 6. ਇੱਕ ਪੁੱਤਰੀ ਬੀਬੀ ਵੀਰੋ ਜੀ ਸਨ।



ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਿਆਈ ਆਪਣੇ ਪੋਤਰੇ (ਬਾਬਾ ਗੁਰਦਿੱਤਾ ਜੀ ਦੇ ਸਪੁੱਤਰ) ਗੁਰੂ ਹਰਿਰਾਇ ਸਾਹਿਬ ਨੂੰ ਸੌਂਪ ਕੇ ਆਪ 3 ਮਾਰਚ, ਸੰਨ 1644 ਨੂੰ ਜੋਤੀ ਜੋਤਿ ਸਮਾ ਗਏ।

# ਦਸਮੇਸ਼ ਰਚਨਾ 'ਚ ਭਰਮ ਪਖੰਡਾਂ ਦਾ ਖੰਡਨ

ਡਾ. ਇੰਦਰਜੀਤ ਸਿੰਘ
ਗੋਗੋਆਣੀ



ਯੁੱਗ ਕੋਈ ਵੀ ਹੋਵੇ, ਮਨੁੱਖੀ ਮਾਨਸਿਕਤਾ ਭੈਅ ਤੇ ਲੋਭ ਦਾ ਹਮੇਸ਼ਾ ਸ਼ਿਕਾਰ ਰਹੀ ਹੈ। ਇਨ੍ਹਾਂ ਦੋਹਾਂ ਕਮਜ਼ੋਰੀਆਂ ਦੇ ਅੰਤਰਗਤ ਮਨੁੱਖ ਨੇ ਅਨੇਕ ਪ੍ਰਕਾਰ ਦੇ ਵਹਿਮ-ਭਰਮ ਸਿਰਜ ਲਏ ਅਤੇ ਖ਼ੁਦ ਹੀ ਇਨ੍ਹਾਂ ਦੀ ਸਿਰਜਣਾ ਕਰਕੇ ਭੈਅ-ਭੀਤ ਹੋਣਾ ਸ਼ੁਰੂ ਹੋ ਗਿਆ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੀਂ ਨਾਨਕ ਜੋਤ ਤੱਕ ਤਕਰੀਬਨ ਦੋ ਸੌ ਚਾਲੀ ਸਾਲ ਦਾ ਸਮਾਂ ਸਿੱਖੀ ਘਾੜ੍ਹਤ ਤੇ ਸੰਪੂਰਨਤਾ ਦਾ ਸਮਾਂ ਹੈ। ਗੁਰਮਤੀ ਜੀਵਨ ਦਾ ਪਹਿਲਾ ਸਬਕ ਹੀ ਇਹ ਹੈ ਕਿ ਸਿੱਖ ਕੇਵਲ ਇਕ ਅਕਾਲ ਦਾ ਪੁਜਾਰੀ ਹੈ ਜੋ ਨਿਰਭਉ ਤੇ ਨਿਰਵੈਰ ਹੈ। ਉਸ ਤੋਂ ਇਲਾਵਾ ਕਿਸੇ ਨੂੰ ਨਹੀਂ ਮੰਨਣਾ। ਹਰ ਤਰ੍ਹਾਂ ਦੇ ਫੋਕਟ ਭਰਮਾਂ ਪ੍ਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਨੇਕ ਖੰਡਨ-ਮੰਡਨ ਵਿਧੀ ਦੇ ਦ੍ਰਿਸ਼ਟਾਂਤ ਉਪਲਬਧ ਹਨ।

ਦਸਮ ਪਿਤਾ ਜੀ ਨੇ ਲੋਕਾਈ ਦੀ ਕਮਜ਼ੋਰ ਮਾਨਸਿਕਤਾ ਨੂੰ ਬਾਂਪਦਿਆਂ ਇਕ ਸਿਧਾਂਤਕ ਬਲ ਪ੍ਰਦਾਨ ਕੀਤਾ ਹੈ, ਕਿਉਂਕਿ ਮਾਨਸਿਕ ਗ਼ੁਲਾਮੀ ਤਾਂ ਸਰੀਰਕ ਗ਼ੁਲਾਮੀ ਨਾਲੋਂ ਵਧੇਰੇ ਖ਼ਤਰਨਾਕ ਹੁੰਦੀ ਹੈ। ਭਾਰਤੀ ਸੱਭਿਆਚਾਰ ਵਿਚ ਤਿੰਨ ਇਲਮ ਬਹੁਤ ਡਰਾਉਣੇ ਰੂਪ ਵਿਚ ਪੇਸ਼ ਕੀਤੇ ਗਏ ਹਨ। 'ਜੰਤਰ ਵਿੱਦਿਆ' (ਕਿਸੇ ਪੱਤਰ 'ਤੇ ਕੁਝ ਲਿਖ ਕੇ ਦੇਣਾ ਜਾਂ ਤਾਵੀਜ਼ ਵਿਚ ਜੜਾ ਦੇਣਾ), 'ਮੰਤਰ ਵਿੱਦਿਆ' (ਕਿਸੇ ਨੂੰ ਪੜ੍ਹਨ ਲਈ ਕੰਨ ਵਿਚ ਸ਼ਬਦ ਜਾਂ ਅੱਖਰ ਦੇਣਾ), 'ਤੰਤਰ ਵਿੱਦਿਆ' (ਟੂਣਾਂ-ਟਾਮਣ ਕਰਨ ਦੀ ਵਿਧੀ)। ਇਨ੍ਹਾਂ ਤਿੰਨਾਂ ਇਲਮਾਂ ਨੇ ਸਾਡੇ ਸਮਾਜ ਨੂੰ ਬੁਰੀ ਤਰ੍ਹਾਂ ਡਰਾ ਧਮਕਾ ਕੇ ਰੱਖਿਆ, ਪਰ ਦਸਮੇਸ਼ ਪਿਤਾ ਜੀ 'ਜਾਪੁ ਸਾਹਿਬ' ਬਾਣੀ ਵਿਚ ਦ੍ਰਿੜ੍ਹ ਕਰਵਾਉਂਦੇ ਹਨ ਕਿ ਪ੍ਰਭੂ ਦਾ ਨਾਮ ਹੀ ਇਨ੍ਹਾਂ ਜੰਤਰਾਂ-ਮੰਤਰਾਂ-ਤੰਤਰਾਂ ਤੋਂ ਸਿਰਮੌਰ ਹੈ। ਇਸ ਲਈ ਇਨ੍ਹਾਂ ਫੋਕਟ ਭਰਮਾਂ ਤੋਂ ਭੈਅ-ਭੀਤ ਹੋਣ ਦੀ ਲੋੜ ਨਹੀਂ। ਆਪ ਜੀ ਫੁਰਮਾਉਂਦੇ ਹਨ :

**ਨਮੋ ਮੰਤ੍ਰ ਮੰਤ੍ਰੰ - ਨਮੋ ਜੰਤ੍ਰ ਜੰਤ੍ਰੰ ॥**
**ਨਮੋ ਇਸਟ ਇਸਟੇ - ਨਮੋ ਤੰਤ੍ਰ ਤੰਤ੍ਰੰ ॥**

**(ਜਾਪੁ ਸਾਹਿਬ, ਸ੍ਰੀ ਦਸਮ ਗ੍ਰੰਥ, ਪੰਨਾ ੩)**

ਇਸੇ ਪ੍ਰਕਰਣ ਨੂੰ ਸਪੱਸ਼ਟ ਕਰਦਾ ਇਕ ਦੋਹਰਾ ਹੈ ਕਿ ਇਹ ਸਭ ਕੁਝ ਝੂਠ ਤੇ ਪਾਖੰਡ ਕਰਮ ਹੈ, ਕਿਉਂਕਿ ਇਕ ਅਕਾਲ ਦੀ ਆਸ ਤੇ ਉਸ ਦੇ ਨਾਮ ਤੋਂ ਬਿਨਾਂ ਬਾਕੀ ਵਿਚਾਰਾਂ ਨਿਰਾਰਥਕ ਹਨ।

**ਸਭੈ ਝੂਠੁ ਮਾਨੋ ਜਿਤੈ ਮੰਤ੍ਰ ਜੰਤ੍ਰੰ ॥**
**ਸਭੈ ਫੋਕਟ ਧਰਮ ਹੈ ਭਰਮ ਤੰਤ੍ਰੰ ॥**
**ਬਿਨਾ ਏਕ ਆਸੰ ਨਿਰਾਸੰ ਸਬੈ ਹੈਂ ॥**
**ਬਿਨਾ ਏਕ ਨਾਮੰ ਕਾਮੰ ਕਬੈ ਹੈਂ ॥**

**(ਅਕਾਲ ਉਸਤਤਿ, ਸ੍ਰੀ ਦਸਮ ਗ੍ਰੰਥ, ਪੰਨਾ ੭੦੮)**

ਇਥੇ ਇਕ ਪਰਮਾਤਮਾ ਦੀ ਬੰਦਗੀ ਤੇ ਓਟ ਸੰਬੰਧੀ ਹੀ ਦ੍ਰਿੜ੍ਹ ਕਰਵਾਇਆ ਗਿਆ ਹੈ, ਪਰ ਉਪਰੋਕਤ ਵਰਣਤ ਜੰਤਰਾਂ-ਮੰਤਰਾਂ ਦੇ ਭਰਮਾਂ ਵਿਚ ਭਟਕਣ ਵਾਲਿਆਂ ਦੀ ਤਸਵੀਰ ਵੀ ਦਸਮ ਪਿਤਾ ਜੀ ਨੇ ਸਮਾਜ ਸਾਹਵੇਂ ਸਪੱਸ਼ਟ ਕੀਤੀ ਹੈ :

**ਲਿਖੰ ਜੰਤ੍ਰ ਥਾਕੇ ਪੜੰ ਮੰਤ੍ਰ ਹਾਰੇ ॥**
**ਕਰੇ ਕਾਲ ਤੇ ਅੰਤ ਲੈ ਕੇ ਬਿਦਾਰੇ ॥**
**ਕਿਤਿਓ ਤੰਤ੍ਰ ਸਾਧੈ ਜੁ ਜਨਮੰ ਬਿਤਾਇਓ ॥**
**ਭਏ ਫੋਕਟੰ ਕਾਜ ਏਕੈ ਨ ਆਇਓ ॥**

**(ਸ੍ਰੀ ਦਸਮ ਗ੍ਰੰਥ, ਪੰਨਾ ੪੩)**

ਭਾਰਤੀ ਸੱਭਿਆਚਾਰ ਵਿਚ ਉਸ ਸਮੇਂ ਵੀ ਕਮਜ਼ੋਰ ਤੇ ਵਹਿਮੀ ਮਾਨਸਿਕਤਾ ਵਾਲੇ ਲੋਕ ਭਰਮਾਂ ਭੁਲੇਖਿਆਂ 'ਚ ਫਸੇ ਹੋਏ ਮੋਇਆਂ ਨੂੰ ਜਾਂ ਬੁੱਤਾਂ ਨੂੰ ਮੰਨਦੇ ਸਨ ਅਤੇ ਹੁਣ ਵੀ ਮੰਨਦੇ ਹਨ। ਦਸਮ ਪਿਤਾ ਜੀ ਨੇ ਬੁੱਤਾਂ 'ਤੇ ਮੋਇਆਂ ਦੀ ਪੂਜਾ ਨੂੰ 'ਕੂਰ ਕ੍ਰਿਆ' ਭਾਵ ਝੂਠਾ ਕਮਰ ਕਿਹਾ ਹੈ, ਕਿਉਂਕਿ ਝੂਠੇ ਕਿਰਿਆ ਕਰਮ ਵਿਚ ਕੇਵਲ ਭਟਕਣਾ ਹੁੰਦੀ ਹੈ ਅਤੇ ਪ੍ਰਾਪਤੀ ਕੋਈ ਵੀ ਨਹੀਂ ਹੁੰਦੀ। ਸਤਿਗੁਰੂ ਫੁਰਮਾਉਂਦੇ ਹਨ :

**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥**
**ਕੂਰ ਕ੍ਰਿਆ ਉਰਝਿਓ ਸਭ ਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨਾ ਪਾਇਓ ॥**

**(ਤ੍ਵ ਪ੍ਰਸਾਦਿ ਸਵੱਯੇ, ਸ੍ਰੀ ਦਸਮ ਗ੍ਰੰਥ, ਪੰਨਾ ੧੪-੧੫)**

ਇਸੇ ਤਰ੍ਹਾਂ ਦਾ ਹੀ ਸੰਦੇਸ਼ ਪਾਹਨ (ਪੱਥਰ) ਦੀ ਪੂਜਾ ਕਰਨ ਵਾਲਿਆਂ ਨੂੰ ਸੰਬੋਧਿਤ ਹੋ ਕੇ ਪਾਤਸ਼ਾਹ ਨੇ ਦਿੱਤਾ ਹੈ।

**ਕਾਹੇ ਕਉ ਪੂਜਤ ਪਾਹਨ ਕਉ ਪਾਹਨੁ ਮੈ ਪਰਮੇਸ਼ਰ ਨਾਹੀ ॥**

**(ਸ੍ਰੀ ਦਸਮ ਗ੍ਰੰਥ, ਪੰਨਾ ੭੧੪)**

ਇਸ ਤੋਂ ਵੀ ਅੱਗੇ ਸਾਡਾ ਸਮਾਜ ਮੁਰਦਿਆਂ ਦੀਆਂ ਕਬਰਾਂ 'ਤੇ ਮੜ੍ਹੀਆਂ ਦੀ ਪੂਜਾ ਕਰਨ ਲੱਗ ਪਿਆ। ਗੁਰੂ ਜੀ ਨੇ ਜੇ ਮੁਰਦੇ ਖ਼ਿਆਲਾਂ ਵਾਲਿਆਂ ਨੂੰ ਪ੍ਰਵਾਨ ਨਹੀਂ ਕੀਤਾ ਤਾਂ ਮੁਰਦੇ ਪੂਜਕਾਂ ਨੂੰ ਕਿਵੇਂ ਪ੍ਰਵਾਨ ਕਰਦੇ? ਆਪ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਲੋਕ ਮਾਨਸਿਕਤਾ ਨੂੰ ਦ੍ਰਿੜ੍ਹ ਕਰਵਾਇਆ ਕਿ ਪ੍ਰਭੂ ਦੀ ਪਹਿਚਾਣ ਕਰੋ, ਕਬਰਾਂ ਜਾਂ ਮੜ੍ਹੀਆਂ ਵਿਚ ਕੋਈ ਸ਼ਕਤੀ ਨਹੀਂ, ਇਹ ਕੇਵਲ ਭਰਮ ਹੈ ਅਤੇ ਭਰਮ ਗ੍ਰਸਿਆ ਸਮਾਜ

ਸਭ ਤੋਂ ਵੱਧ ਖ਼ਤਰਨਾਕ ਹੁੰਦਾ ਹੈ। ਇਸ ਤਰ੍ਹਾਂ ਦੇ ਭਰਮੀਂ ਲੋਕਾਂ ਦਾ ਬੌਧਿਕ ਤੇ ਆਰਥਿਕ ਸ਼ੋਸ਼ਣ ਸ਼ੈਤਾਨ ਲੋਕ ਹਮੇਸ਼ਾ ਹੀ ਕਰਦੇ ਰਹੇ ਹਨ ਅਤੇ ਅੱਜ ਵੀ ਕਰ ਰਹੇ ਹਨ। ਅਜਿਹੀ ਮਾਨਸਿਕਤਾ ਵਾਲੇ ਲੋਕਾਂ ਨੂੰ ਦਸਮ ਪਿਤਾ ਸਮਝਾਉਂਦੇ ਹਨ :

**ਜਗ ਆਪਨ ਆਪਨ ਉਰਝਾਨਾ ॥**
**ਪਾਰਬ੍ਰਹਮ ਕਾਹੂੰ ਨ ਪਛਾਨਾ ॥**
**ਇਕ ਮੜੀਅਨ ਕਬਰਨ ਵੈ ਜਾਹੀ ॥**
**ਦੁਹੂੰਅਨ ਮਹਿ ਪਰਮੇਸੁਰ ਨਾਹੀ ॥**

**(ਸ੍ਰੀ ਦਸਮ ਗ੍ਰੰਥ, ਪੰਨਾ ੧੫੭)**

ਇਸ ਦੇ ਨਾਲ ਹੀ ਸਾਡੇ ਸਮਾਜ ਵਿਚ ਦਿਨ-ਦਿਹਾਰ, ਮਹੂਰਤ ਤੇ ਲਗਨ-ਸ਼ਗਨ ਆਦਿ ਦੀ ਵਹਿਮੀ ਵੀਚਾਰ ਸਦੀਆਂ ਤੋਂ ਪ੍ਰਚੱਲਤ ਹੈ। ਦਸਮ ਪਿਤਾ ਨੇ ਇਹ ਦ੍ਰਿੜ੍ਹ ਕਰਵਾਇਆ ਕਿ ਪ੍ਰਭੂ ਦੇ ਹੁਕਮ ਵਿਚ ਰਹੋ ਜੋ ਲਗਨ-ਸ਼ਗਨ, ਟੂਣੇ ਟਾਮਣ ਤੇ ਬਾਹਰੀ ਭੇਖੀ ਕਰਮਾਂ ਨਾਲ ਨਹੀਂ ਰੀਝਦਾ ਅਤੇ ਤੁਸੀਂ ਵੀ ਉਸ ਨਿਰਭਉ ਦੀ ਬੰਦਗੀ ਕਰਨ ਵਾਲੇ ਫਿਰ ਇਨ੍ਹਾਂ ਵਿਚਾਰਾਂ ਤੋਂ ਉੱਪਰ ਉੱਠ ਜਾਉਗੇ।

**ਲਗਨ ਸਗਨ ਤੇ ਰਹਤ ਨਿਰਾਲਮ ॥**
**ਹੈ ਯਹ ਕਥਾ ਜਗਤ ਮੈ ਮਾਲਮ ॥**
**ਜੰਤ੍ਰ ਮੰਤ੍ਰ ਤੰਤ੍ਰ ਨ ਰਿਝਾਯਾ ॥**
**ਭੇਖ ਕਰਤ ਕਿਨਹੂੰ ਨਹਿ ਪਾਯਾ ॥**

**(ਸ੍ਰੀ ਦਸਮ ਗ੍ਰੰਥ, ਪੰਨਾ ੧੫੭)**

ਇਨ੍ਹਾਂ ਫੋਕਟ ਵਿਚਾਰਾਂ ਤੋਂ ਉੱਪਰ ਉੱਠ ਕੇ ਉਸ ਪਰਮਾਤਮਾ ਦਾ ਨਾਮ ਜਪੋ ਜੋ ਹਰ ਥਾਂ ਵਿਦਮਾਨ ਹੈ :

**ਜਲੇ ਹਰੀ - ਥਲੇ ਹਰੀ - ਉਰੇ ਹਰੀ- ਬਨੇ ਹਰੀ ॥**
**ਗਿਰੇ ਹਰੀ - ਗੁਫੇ ਹਰੀ - ਛਿਤੇ ਹਰੀ - ਨਭੇ ਹਰੀ ॥**
**ਈਹਾਂ ਹਰੀ - ਊਹਾਂ ਹਰੀ - ਜਿਮੀ ਹਰੀ - ਜਮਾਂ ਹਰੀ ॥**

**(ਅਕਾਲ ਪੁਰਖ ਬਾਚ ਚੌਪਈ, ਸ੍ਰੀ ਦਸਮ ਗ੍ਰੰਥ, ਪੰਨਾ ੧੯)**

ਇਹ ਵੀ ਯਾਦ ਰੱਖੋ ਕਿ ਪ੍ਰਭੂ ਤੋਂ ਸਿਵਾ ਕਿਸੇ ਹੋਰ ਦਾ ਜਾਪ ਨਹੀਂ ਜਪਣਾ ਅਤੇ ਨਾ ਹੀ ਉਸ ਸ਼ਕਤੀ ਤੋਂ ਇਲਾਵਾ ਕਿਸੇ ਝੂਠੇ ਸਹਾਰੇ ਦੀ ਲੋੜ ਹੈ :

**ਭਜੋ ਸੁ ਏਕੁ ਨਾਮੰ ॥ ਜੁ ਕਾਮ ਸਰਬ ਠਾਮੰ ॥**
**ਨ ਜਾਪ ਆਨ ਕੋ ਜਪੋ ॥ ਨ ਅਉਰ ਥਾਪਨਾ ਥਪੋ ॥**

**(ਸ੍ਰੀ ਦਸਮ ਗ੍ਰੰਥ, ਪੰਨਾ ੫੭)**

ਤੱਤਸਾਰ ਵਜੋਂ ਆਪਣੇ ਵਿਸ਼ੇ ਦੀ ਸਮਾਪਤੀ ਕਰਦੇ ਹੋਏ ਕਿਹਾ ਜਾ ਸਕਦਾ ਹੈ ਕਿ ਇਹ ਸਾਰੇ ਵਹਿਮ ਭਰਮ ਤੇ ਫੋਕਟ ਵਿਚਾਰਾਂ ਮਾਨਸਿਕ ਤੌਰ 'ਤੇ ਕਾਇਰਤਾ ਅਤੇ ਅਗਿਆਨਤਾ ਦੇ ਕਾਰਨ ਹਨ। ਹੁਣ ਇੱਕੀਵੀਂ ਸਦੀ ਵਿਚ ਇਹ ਵਹਿਮ ਤੇ ਡਰ ਹੋਰ ਵੱਧ ਕੇ ਤਰੱਕੀ ਕਰਦੇ ਹੋਏ ਕੰਪਿਊਟਰਾਈਜ਼ ਤੇ ਚੈਨਾਲਾਈਜ਼ਡ ਹੋ ਚੁੱਕੇ ਹਨ। ਹਰ ਝੂਠੀ ਅਫਵਾਹ ਮਿੰਟਾਂ ਸਕਿੰਟਾਂ ਵਿਚ ਸਮਾਜ ਤੱਕ ਪਹੁੰਚ ਜਾਂਦੀ ਹੈ। ਮਨੁੱਖ ਦੇ ਘਰੋਂ ਤੁਰਨ ਤੋਂ ਲੈ ਕੇ ਵਾਪਸ ਪਰਤਣ ਤੱਕ ਤੇ ਇਸ ਤੋਂ ਇਲਾਵਾ ਚੰਦ੍ਰਮਾ ਗ੍ਰਹਿਣ, ਸੂਰਜ ਗ੍ਰਹਿਣ, ਦਿਨ-ਦਿਹਾਰ, ਮਹੂਰਤ, ਪੱਤਰੀਆਂ, ਟੇਵੇ, ਥਿੱਤ, ਵਾਰ, ਗ੍ਰਹਿ, ਮੰਗਲੀਕ ਆਦਿ ਦੇ ਭਰਮ ਲੋਕ ਮਾਨਸਿਕਤਾ ਵਿਚ ਵੱਡੀ ਪੱਧਰ 'ਤੇ ਘਰ ਕਰ ਚੁੱਕੇ ਹਨ। ਭਾਵੇਂ ਸਾਡੇ ਸਮਾਜ ਦਾ ਵਡੇਰਾ ਹਿੱਸਾ ਇਨ੍ਹਾਂ ਤੋਂ ਮੁਕਤ ਵੀ ਹੈ, ਪਰ ਇਨ੍ਹਾਂ ਵਿਚਾਰਾਂ ਵਿਚ ਗ੍ਰਸੇ ਹੋਏ ਸਮਾਜ ਨੂੰ ਜਾਗ੍ਰਤ ਕਰਨਾ ਵੀ ਸਾਡਾ ਧਰਮ ਹੈ। ਦਸਮੇਸ਼ ਪਿਤਾ ਜੀ ਨੇ ਆਪਣੇ ਪੰਥ ਨੂੰ ਇਉਂ ਸੁਚੇਤ ਕੀਤਾ ਹੈ :

**ਧੀਰਜ ਧਾਮ ਬਨਾਇ ਇਹੈ ਤਨ ਬੁਧ**
**ਸੁ ਦੀਪਕ ਜਿਉ ਉਜੀਆਰੈ ॥**
**ਗਿਆਨਹਿ ਕੀ ਬਢਨੀ ਮਨਹੁ ਹਾਥਿ ਲੈ**
**ਕਾਤਰਤਾ ਕੁਤਵਾਰ ਬੁਹਾਰੈ ॥**

**(ਸ੍ਰੀ ਦਸਮ ਗ੍ਰੰਥ)**

ਭਾਵ ਇਸ ਸਰੀਰ ਨੂੰ ਧੀਰਜ ਦਾ ਘਰ ਬਣਾ ਕੇ ਇਸ ਵਿਚ ਬੁੱਧ ਰੂਪੀ ਦੀਪਕ ਨੂੰ ਰੌਸ਼ਨ ਕਰ ਲਵੋ। ਹੁਣ ਮਨ ਰੂਪੀ ਹੱਥ ਵਿਚ ਗਿਆਨ ਦੀ ਬਢਨੀ (ਬਹੁਕਰ) ਪਕੜੋ ਅਤੇ ਕਾਇਰਤਾ ਰੂਪੀ ਕੂੜੇ ਨੂੰ ਹੂੰਝ ਕੇ ਬਾਹਰ ਸੁੱਟ ਦੇਵੋ। ਜਦ ਬੁੱਧ ਰੂਪੀ ਦੀਪਕ ਦਾ ਚਾਨਣ ਹੋਵੇਗਾ ਤਾਂ ਵਹਿਮਾਂ ਭਰਮਾਂ ਦਾ ਹਨੇਰਾ ਆਪੇ ਹੀ ਭੱਜ ਜਾਵੇਗਾ।

ਇਸ ਸੰਸਾਰ ਵਿਚ ਬਾਹਰੀ ਹਨੇਰੇ ਦੀ ਵੀ ਕੋਈ ਹੋਂਦ ਨਹੀਂ ਸਿਰਫ਼ ਚਾਨਣ ਜਾਂ ਪ੍ਰਕਾਸ਼ ਦੀ ਗੈਰਹਾਜ਼ਰੀ ਹੈ ਅਤੇ ਇਸੇ ਤਰ੍ਹਾਂ ਅਗਿਆਨਤਾ ਦੀ ਵੀ ਕੋਈ ਹੋਂਦ ਨਹੀਂ ਸਿਰਫ਼ ਗਿਆਨ ਦੀ ਗੈਰਹਾਜ਼ਰੀ ਹੈ। ਜਦ ਸਿੱਖ ਪਾਸ ਗੁਰੂ ਗਿਆਨ ਹੋਵੇਗਾ ਤਾਂ ਭਰਮਾਂ-ਪਾਖੰਡਾਂ ਦਾ ਹਨੇਰਾ ਕਿਧਰੇ ਨਹੀਂ ਰਹੇਗਾ।

● ● ●

# ਕੁਦਰਤ ਦੀ ਗੋਦ ਵਿਚ ਬੈਠ ਕੇ ਦੇਖੋ, ਤੁਹਾਡੇ ਬਣਾਏ ਮਹਿਲ ਤੁਹਾਨੂੰ ਮਿੱਟੀ ਲੱਗਣਗੇ।

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਬੇਗੋਵਾਲ ਵਿਚ ਰਿਹਾਇਸ਼

ਕੁੱਝ ਦਿਨ ਦਾਸ ਪਾਸ ਠਹਿਰੇ। ਫਿਰ ਆਪ ਕਹਿਣ ਲੱਗੇ ਕਿ ਸਾਡੇ ਪਾਸ ਆਵਾਜਾਈ ਬਹੁਤ ਰਹਿਣੀ ਹੈ, ਇਸ ਲਈ ਅਸੀਂ ਸ਼ਰੀਫਪੁਰੇ ਹਾਈਡ ਮਾਰਕੀਟ ਉੱਤੇ ਕਮਰੇ ਦਾ ਪ੍ਰਬੰਧ ਕੀਤਾ ਹੈ, ਉਥੇ ਕੁੱਝ ਦਿਨ ਠਹਿਰਾਂਗੇ। ਬੜਾ ਜ਼ੋਰ ਲਾਇਆ। ਪਰ ਕਹਿਣ ਲੱਗੇ-ਨਹੀਂ, ਤੁਹਾਨੂੰ ਖੇਚਲ ਹੋਵੇਗੀ। ਨਾ ਮੰਨੇ, ਉਥੇ ਚਲੇ ਗਏ। ਆਪ ਜੀ ਦਾ ਵਿਚਾਰ, ਗਿਆਨੀ ਹਰਚਰਨ ਸਿੰਘ ਜੀ ਦੇ ਨਾਲ ਸਲਾਹ ਮਸ਼ਵਰਾ ਉਪਰੰਤ ਇਹ ਬਣਿਆ ਕਿ ਭੁਲੱਥਾਂ ਦੇ ਇਲਾਕੇ ਵਿਚੋਂ ਬਹੁਤ ਸਾਰੇ ਮੁਸਲਮਾਨ ਉੱਜੜ ਕੇ ਨਿਕਲੇ ਹਨ, ਇਸ ਲਈ ਆਪਣੀ ਲੁਬਾਣਾ ਬਰਾਦਰੀ ਨੂੰ ਇਸੇ ਇਲਾਕੇ ਵਿਚ ਬਿਠਾਇਆ ਜਾਵੇ ਤੇ ਇਕ ਕੋਠੀ ਬੇਗੋਵਾਲ ਹੈ, ਉਹ ਆਪਣੇ ਲਈ ਅਲਾਟ ਕਰਵਾ ਲਈਏ। ਇਥੇ ਬੇਗੋਵਾਲ ਸਾਡੇ ਬੈਠਣ ਨਾਲ ਡੇਰੇ ਦੀ ਰੌਣਕ ਭੀ ਬਣ ਜਾਵੇਗੀ ਅਤੇ ਬਰਾਦਰੀ ਦੇ ਸਾਰੇ ਪਿੰਡਾਂ ਦੇ ਇਥੇ ਬੈਠਣ ਨਾਲ ਇਨ੍ਹਾਂ ਦੀ ਸਿਆਸੀ ਤਾਕਤ ਭੀ ਚੰਗੀ ਬਣ ਜਾਵੇਗੀ। ਕੱਲ੍ਹ ਨੂੰ ਜੇਕਰ ਇਲੈਕਸ਼ਨ ਲੜਨੀ ਪਈ ਤਾਂ ਭੀ ਬਰਾਦਰੀ ਦੇ ਇਕੱਠੇ ਬੈਠਣ ਨਾਲ ਸਫਲਤਾ ਮਿਲੇਗੀ।

ਇਸ ਤਰ੍ਹਾਂ ਵਿਚਾਰ ਕਰਕੇ ਆਪ ਨੂੰ ਕੁੱਝ ਦਿਨ ਬਾਬੇ ਬਕਾਲੇ ਆਪਣੀ ਬਰਾਦਰੀ ਦੇ ਬੁੰਗੇ ਵਿਚ ਰਿਹਾਇਸ਼ ਰੱਖੀ। ਫਿਰ 15 ਸਤੰਬਰ, 1947 ਨੂੰ ਆਪ ਜੀ ਬੇਗੋਵਾਲ ਪੁੱਜ ਗਏ। ਕਿਉਂਕਿ ਇਹ ਪਤਾ ਲੱਗ ਗਿਆ ਸੀ ਕਿ ਕੋਠੀ ਮੁਰਾਲੇ ਡੇਰੇ ਦੇ ਨਾਮ ਅਲਾਟ ਹੋ ਗਈ ਹੈ, ਆਪ ਜੀ ਨੇ ਆਪਣੀ ਪੱਕੀ ਰਿਹਾਇਸ਼ ਬੇਗੋਵਾਲ ਕਰ ਲਈ। ਸਭ ਤੋਂ ਪਹਿਲਾਂ ਲੰਗਰ ਦਾ ਸਮਾਨ, ਆਪ ਜੀ ਨੇ ਅੰਮ੍ਰਿਤਸਰ ਤੋਂ ਖਰੀਦਿਆ। ਲੋਹਾ, ਕੜਾਹੇ, ਥਾਲੀਆਂ, ਗਲਾਸ, ਦਰੀਆਂ, ਆਟਾ, ਘਾਲ, ਘਿਉ, ਖੰਡ ਆਦਿ ਸਭ ਸਮਾਨ ਖਰੀਦ ਕੇ ਬੇਗੋਵਾਲ ਪਹੁੰਚਾਇਆ ਤੇ ਰਾਤ ਦਿਨ ਲੰਗਰ ਚਾਲੂ ਕਰ ਦਿੱਤਾ। ਉੱਜੜ ਕੇ ਆਏ ਹੋਏ ਲੋਕ ਜਿਤਨੇ ਦਿਨ ਮਰਜ਼ੀ ਰਹਿਣ ਤੇ ਲੰਗਰ ਤੋਂ ਪ੍ਰਸ਼ਾਦਾ ਛਕਣ ਅਤੇ ਰੋਜ਼ ਕੀਰਤਨ ਕਰਨਾ ਭੀ ਆਪ ਜੀ ਨੇ ਸ਼ੁਰੂ ਕਰ ਦਿੱਤਾ।

## ਉਜੜੀ ਹੋਈ ਬਰਾਦਰੀ ਨੂੰ ਵਸਾਉਣਾ

ਸੰਤ ਬਾਬਾ ਪ੍ਰੇਮ ਸਿੰਘ ਜੀ ਐਮ.ਐਲ.ਏ. ਸਨ। ਸ. ਈਸ਼ਰ ਸਿੰਘ ਜੀ ਮਝੈਲ ਮੁੜ-ਵਸਾਊ ਮਹਿਕਮੇ ਦੇ ਵਜ਼ੀਰ ਸਨ, ਜੋ ਮਹਾਂਪੁਰਖਾਂ ਦੇ ਬੜੇ ਸ਼ਰਧਾਲੂ ਸਨ ਅਤੇ ਸ. ਤਰਲੋਕ ਸਿੰਘ ਜੀ ਡਾਇਰੈਕਟਰ ਰੀਸੈਟਲਮੈਂਟ, ਜੋ ਬੜੇ ਚੰਗੇ ਸੁਭਾ ਦੇ ਸਨ, ਬੜੇ ਸ਼ਰਧਾਲੂ ਸਨ। ਇਹ ਪਿੱਛੋਂ ਗੁੱਜਰਾਂ ਵਾਲੇ ਦੇ ਸ. ਗੁਰਮੁਖ ਸਿੰਘ ਜੀ ਇਨਕਮ ਟੈਕਸ ਕਮਿਸ਼ਨਰ ਦੇ ਲੜਕੇ ਸਨ। ਇਨ੍ਹਾਂ ਦੇ ਪਿਤਾ ਨਾਲ ਦਾਸ ਦੇ ਬੜੇ ਨੇੜੇ ਦੇ ਸੰਬੰਧ ਰਹੇ ਹਨ। ਇਹ ਇਕ ਬਹੁਤ ਚੰਗਾ ਖਾਨਦਾਨ ਸੀ। ਸੋ ਕੁਦਰਤ ਨੇ ਮੱਦਦ ਕੀਤੀ ਕਿ ਬਰਾਦਰੀ ਦੇ ਬਿਠਾਉਣ ਲਈ ਸਾਰੇ ਚੰਗੇ ਸਾਧਨ ਬਣ ਗਏ। ਗਿਆਨੀ ਹਰਚਰਨ ਸਿੰਘ ਜੀ ਦੇ ਮਝੈਲ ਹੋਰਾਂ ਨਾਲ ਚੰਗੇ ਸੰਬੰਧ ਸਨ। ਉਨ੍ਹਾਂ ਮਝੈਲ ਜੀ ਨੂੰ ਕਿਹਾ ਕਿ ਸੰਤ ਮਹਾਰਾਜ ਚਾਹੁੰਦੇ ਹਨ ਕਿ ਕਪੂਰਥਲੇ ਦੀ ਤਹਿਸੀਲ ਭੁਲੱਥ ਵਿਚ ਅਤੇ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਵਿਚ ਲੁਬਾਣਾ ਬਰਾਦਰੀ ਨੂੰ ਬਿਠਾਇਆ ਜਾਵੇ। ਮਝੈਲ ਜੀ ਨੇ ਇਕ ਚਿੱਠੀ ਸ. ਤਰਲੋਕ ਸਿੰਘ ਵੱਲ ਲਿਖ ਦਿੱਤੀ। ਸ. ਤਰਲੋਕ ਸਿੰਘ ਨੇ ਮਨਜ਼ੂਰੀ ਦੇ ਦਿੱਤੀ ਅਤੇ ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਦਸੂਹੇ ਵਿਚ ਤੇ ਭੁਲੱਥ ਵਿਚ ਬੈਠਣ ਦੀ ਆਗਿਆ ਹੋ ਗਈ ਹੈ ਤਾਂ ਲੋਕਾਂ ਨੇ ਧੜਾਧੜ ਪਿੰਡ ਮੱਲਣੇ ਸ਼ੁਰੂ ਕਰ ਦਿੱਤੇ। ਰੋਜ਼ ਬੇਗੋਵਾਲ ਭੀ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ। ਸੁਭਾਨਪੁਰ ਤੋਂ ਲੈ ਕੇ ਮੁਕੇਰੀਆਂ ਤੱਕ ਤਮਾਮ ਇਸ ਇਲਾਕੇ ਵਿਚ ਲੁਬਾਣਾ ਬਰਾਦਰੀ ਬੈਠ ਗਈ ਅਤੇ ਜਿਥੇ ਕੋਈ ਇਕ ਪਿੰਡ ਇਕੱਠਾ ਨਹੀਂ ਬਿਠਾ ਸਕਿਆ, ਉਥੇ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਰਾਤ ਦਿਨ ਇਕ ਕਰਕੇ ਬਰਾਦਰੀ ਦੇ ਬਹੁਤ ਸਾਰੇ ਪਿੰਡ ਇਕ ਇਲਾਕੇ ਵਿਚ ਇਕੱਠੇ ਬਿਠਾ ਦਿੱਤੇ। ਆਪ ਜੀ ਨੇ ਕਰਨਾਲ, ਅੰਬਾਲੇ ਆਦਿ ਵਿਚ ਜਿਹੜੇ ਬਰਾਦਰੀ ਦੇ ਲੋਕ ਬੈਠੇ ਸਨ, ਉਥੇ ਆਪ ਜਾ ਕੇ ਉਨ੍ਹਾਂ ਨੂੰ ਭੁਲੱਥ, ਕਪੂਰਥਲੇ ਵਿਚ ਬੈਠਣ ਲਈ ਪ੍ਰੇਰਨਾ ਕੀਤੀ ਤੇ ਕਿਹਾ ਕਿ ਅਸੀਂ ਤੁਹਾਡੀ ਹਰ ਇਕ ਤਰ੍ਹਾਂ ਮੱਦਦ ਕਰਾਂਗੇ ਤੇ ਤੁਹਾਡੀ ਪੱਕੀ ਅਲਾਟਮੈਂਟ ਕਰਵਾ ਦੇਵਾਂਗੇ। ਇਸ ਤਰ੍ਹਾਂ ਕਈ ਬਚਨ ਮੰਨ ਕੇ ਆ ਗਏ, ਕਈ ਰਹਿ ਗਏ।

ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਇਹ ਭਾਰੀ ਦੇਣ ਹੈ, ਜਿਨ੍ਹਾਂ ਨਡਾਲੇ ਤੇ ਮਿਆਣੀ ਪਠਾਨਾਂ ਵਰਗੇ ਕਸਬੇ ਲੁਬਾਣਾ ਬਰਾਦਰੀ ਲਈ ਅਲਾਟ ਕਰਾਏ, ਜਿੱਥੇ ਹੁਣ ਇਥੇ ਦੇ ਵਸਨੀਕ ਸੁਖ-ਪੂਰਵਕ ਜ਼ਿੰਦਗੀ ਬਤੀਤ ਕਰ ਰਹੇ ਹਨ। ਇਹ ਉਹ ਇਲਾਕਾ ਸੀ ਜਦੋਂ ਬਿਆਸ ਤੇ ਵੇਈਂ ਵਿਚ ਹੜ੍ਹ ਆ ਜਾਂਦਾ ਸੀ, ਪਾਣੀ ਨਾਲ ਫਸਲਾਂ ਤਬਾਹ ਹੋ ਜਾਂਦੀਆਂ ਸਨ ਤੇ ਜ਼ਮੀਨ ਬੰਜਰ ਬਣ ਜਾਂਦੀ ਸੀ। ਕੋਈ ਆਉਣ ਜਾਣ ਲਈ ਸੜਕ ਨਹੀਂ ਸੀ, ਕੋਈ ਸਾਧਨ ਨਹੀਂ ਸੀ।

(ਚਲਦਾ)

*****

**ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ ।।**

1 ਮਈ ਮਜ਼ਦੂਰ ਦਿਵਸ 'ਤੇ ਵਿਸ਼ੇਸ਼

# ਮਜ਼ਦੂਰਾਂ ਨੂੰ ਆਪ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ



ਅੱਜ 1 ਮਈ ਨੂੰ ਅਸੀਂ ਬੜੇ ਮਾਣ ਨਾਲ ਮਜ਼ਦੂਰ ਦਿਵਸ ਮਨਾ ਰਹੇ ਹਾਂ। ਮਜ਼ਦੂਰ ਸੰਗਠਨਾਂ ਵੱਲੋਂ ਥਾਂ-ਥਾਂ ਤੇ ਸਮਾਗਮ ਕੀਤੇ ਜਾ ਰਹੇ ਹਨ। ਕਈ ਮਜ਼ਦੂਰ ਜੱਥੇਬੰਦੀਆਂ ਵੱਲੋਂ ਸਮਾਗਮਾਂ 'ਚ ਮੁੱਖ ਮਹਿਮਾਨ ਵੱਜੋਂ ਰਾਜਨੀਤਕ ਪਾਰਟੀਆਂ ਦੇ ਲੀਡਰਾਂ ਨੂੰ ਸੱਦੇ ਦਿੱਤੇ ਗਏ। ਇਹ ਲੀਡਰ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੇ ਭਾਸ਼ਨ ਦੇ ਰਹੇ ਹੋਣਗੇ। ਮਜ਼ਦੂਰਾਂ ਨੂੰ ਹੋਰ ਸਹੂਲਤਾਂ ਦੇਣ ਦੇ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ ਪਰ ਕੀ ਮਜ਼ਦੂਰ ਅਜੇ ਵੀ ਆਪਣੇ ਅਧਿਕਾਰਾਂ, ਆਪਣੇ ਹੱਕਾਂ ਜਾਂ ਆਪਣੇ ਪ੍ਰਤੀ ਬਣੇ ਕਾਨੂੰਨਾਂ ਨੂੰ ਜਾਣ ਸਕਿਆ? ਸ਼ਾਇਦ ਨਹੀਂ ਕਿਉਂਕਿ ਜੇ ਉਸ ਨੂੰ ਆਪਣੇ ਅਧਿਕਾਰ ਪਤਾ ਹੁੰਦੇ ਤਾਂ ਅੱਜ ਅਜ਼ਾਦੀ ਦੇ ਕਈ ਸਾਲ ਬਾਦ ਵੀ ਉਹ ਗੁਲਾਮ ਮਜ਼ਦੂਰ ਨਾ ਬਣਕੇ ਰਹਿੰਦਾ। ਮੇਰੇ ਦੇਸ਼ ਦੇ ਮਜ਼ਦੂਰਾਂ ਨੂੰ ਤਾਂ ਇੰਨਾ ਵੀ ਪਤਾ ਨਹੀਂ ਕੀ 1 ਮਈ "ਮਜ਼ਦੂਰ ਦਿਵਸ" ਉਨ੍ਹਾਂ ਦਾ ਦਿਨ ਹੈ। ਇਸ ਦਿਨ ਕੀ ਹੋਇਆ ਸੀ। ਇਸ ਦਿਨ ਨੂੰ ਕਿਉਂ ਮਨਾਇਆ ਜਾਂਦਾ ਹੈ। ਜੇਕਰ ਉਹ ਇਹ ਸਭ ਜਾਣ ਜਾਂਦੇ ਤਾਂ ਹੋ ਸਕਦਾ ਸੀ ਕਿ ਸਾਡੇ ਮਜ਼ਦੂਰ ਅੱਜ ਇੰਨੇ ਮਜ਼ਬੂਰ ਨਾ ਹੁੰਦੇ। ਉਨ੍ਹਾਂ ਨੂੰ ਅੱਜ ਵੀ ਆਪਣੇ ਹੱਕਾਂ ਲਈ ਸੰਘਰਸ਼ ਜਾਂ ਭੁੱਖ-ਹੜਤਾਲਾਂ, ਧਰਨੇ ਆਦਿ ਨਾ ਕਰਨੇ ਪੈਂਦੇ। ਭਾਵੇਂ ਮਜ਼ਦੂਰਾਂ ਵੱਲੋਂ ਸੰਗਠਨ ਬਣਾ ਲਏ ਗਏ ਹਨ ਪਰ ਫਿਰ ਵੀ ਉਹ ਸਮੇਂ ਦੀਆਂ ਸਰਕਾਰਾਂ ਤੋਂ ਆਪਣੇ ਹੱਕ, ਅਧਿਕਾਰ ਲੈਣ ਤੋਂ ਵਾਂਝੇ ਰਹਿ ਗਏ ਹਨ। ਅੱਜ ਵੀ ਮਜ਼ਦੂਰਾਂ ਤੇ ਅੱਤਿਆਚਾਰ , ਉਨ੍ਹਾਂ ਦੀ ਲੁੱਟ-ਖਸੁੱਟ, ਉਨ੍ਹਾਂ ਤੇ ਜ਼ੁਲਮ ਆਦਿ ਸ਼ਰੇਆਮ ਕੀਤੇ ਜਾ ਰਹੇ ਹਨ। ਉਨ੍ਹਾਂ ਲਈ ਬਣਾਏ ਕਾਨੂੰਨ ਉਨ੍ਹਾਂ 'ਤੇ ਲਾਗੂ ਨਹੀਂ ਹੋਣ ਦਿੱਤੇ ਜਾਂਦੇ। ਉਨ੍ਹਾਂ ਨੂੰ ਮਿਲਣ ਵਾਲੇ ਅਧਿਕਾਰਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਕਿਸੇ ਮਜ਼ਦੂਰ ਦੀ ਕੋਈ ਸਿਕਿਉਰਟੀ ਨਹੀਂ ਰਹਿ ਗਈ। ਕਾਰਖਾਨਿਆਂ, ਸਰਕਾਰੀ ਦਫ਼ਤਰਾਂ 'ਚ ਠੇਕੇ ਤੇ ਰੱਖੇ ਮੁਲਾਜ਼ਮ ਵੀ ਵਗਾਰ ਦੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹਨ। ਕਿਸੇ ਨੂੰ ਕੁਝ ਨਹੀਂ ਪਤਾ ਕਿ ਕਦੋਂ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਣਾ ਹੈ। ਦੇਸ਼ ਦਾ ਭਵਿੱਖ ਵੀ ਪੜ੍ਹ ਲਿਖ ਕੇ ਰੁਜ਼ਗਾਰ ਨਾ ਹੋਣ ਕਾਰਨ ਲੁੱਟਾਂ ਖੋਹਾਂ ਦੇ ਰਾਹ ਤੁਰ ਪਿਆ ਹੈ। ਸਰਕਾਰ ਦੀ ਕੋਈ ਪਾਲਸੀ ਨਹੀਂ ਹੈ ਕਿ ਕਿਵੇਂ ਬੇਰੁਜ਼ਗਾਰੀ ਖਤਮ ਕੀਤੀ ਜਾਵੇ ਜਾਂ ਮਜ਼ਦੂਰਾਂ ਦੇ ਵਿਕਾਸ ਲਈ ਕੋਈ ਉਪਰਾਲੇ ਕੀਤੇ ਜਾਣ। ਆਖਿਰ ਕਦੋਂ ਤੱਕ ਇਹ ਸਰਮਾਏਦਾਰ ਲੋਕ ਮਜ਼ਦੂਰ ਲੋਕਾਂ ਦਾ ਸ਼ੋਸ਼ਣ ਕਰਦੇ ਰਹਿਣਗੇ। ਕਦੋਂ ਤੱਕ ਇਕ ਗਰੀਬ ਆਦਮੀਂ ਮਜ਼ਬੂਰੀ ਵੱਲ ਇਨ੍ਹਾਂ ਨਕਲੀ ਚਿਹਰੇ ਲਗਾਏ ਸਰਮਾਏਦਾਰ ਸਮਾਜ ਸੇਵਕਾਂ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੁੰਦੇ ਰਹਿਣਗੇ। ਸ਼ਾਇਦ ਇਸ ਦਾ ਜਵਾਬ ਸਾਡੇ ਉੱਚ ਅਹੁਦਿਆਂ ਤੇ ਬੈਠੇ ਮੰਤਰੀ ਜਾਂ ਸਰਕਾਰਾਂ ਨਹੀਂ ਦੇ ਸਕਦੀਆਂ। ਪ੍ਰਸ਼ਾਸ਼ਨ ਵੀ ਕੁਝ ਨਹੀਂ ਕਰਦਾ। ਪ੍ਰਸ਼ਾਸ਼ਨ ਤਾਂ ਉਡੀਕ ਕਰਦਾ ਹੈ ਹਾਦਸਿਆਂ ਦੀ। ਹਾਦਸੇ ਤੋਂ ਬਾਦ ਹੀ ਸਭ ਜਾਂਚਾਂ ਸ਼ੁਰੂ ਹੋ ਜਾਂਦੀਆਂ ਹਨ। ਸਾਰੇ ਕਾਨੂੰਨ ਸਾਹਮਣੇ ਆ ਜਾਂਦੇ ਹਨ। ਮੰਤਰੀ ਤੱਕ ਹਾਦਸਿਆਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਇਨਸਾਫ ਦਵਾਉਣ ਦਾ ਭਰੋਸਾ ਦਵਾਉਣ ਆ ਜਾਂਦੇ ਹਨ। ਮੁਆਵਜਿਆਂ ਦੇ ਐਲਾਨ ਹੋਣ ਲੱਗ ਜਾਂਦੇ ਹਨ। ਇਹ ਚੀਜ਼ਾਂ ਹਾਦਸਿਆਂ ਤੋਂ ਬਾਦ ਹੀ ਕਿਉਂ ਹੁੰਦੀਆਂ ਹਨ। ਇਨ੍ਹਾਂ ਨੂੰ ਪਹਿਲਾਂ ਹੀ ਠੀਕ ਕਿਉਂ ਨਹੀਂ ਕੀਤਾ ਜਾਂਦਾ। ਅਸੀਂ ਮਜ਼ਦੂਰ ਦਿਵਸ ਦਾ ਭਾਸ਼ਣ ਸੁਣ ਕੇ ਜਾਂ ਦੇਖ ਕੇ ਬਹੁਤ ਖੁਸ਼ ਹੁੰਦੇ ਹਾਂ ਪਰ ਕਦੀ ਕਿਸੇ ਮਜ਼ਦੂਰ ਦੇ ਹੱਕ ਵਿਚ ਆਵਾਜ਼ ਉਠਾਉਣ ਦੀ ਕੋਸ਼ਿਸ਼ ਨਹੀਂ ਕਰਦੇ। ਜੇਕਰ ਅਜਿਹੇ ਹਾਦਸੇ ਹੁੰਦੇ ਰਹੇ, ਪ੍ਰਸ਼ਾਸ਼ਨ ਅਜਿਹੀਆਂ ਚੀਜ਼ਾਂ ਅਣਗੌਲਿਆਂ ਕਰਦਾ ਰਿਹਾ ਤਾਂ ਇਕ ਦਿਨ ਮਜ਼ਦੂਰ ਨੂੰ ਹੀ ਆਪਣੇ ਹੱਕਾਂ ਲਈ ਵੱਡਾ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪਵੇਗਾ। ਫਿਰ ਇਹ ਮਜ਼ਦੂਰ ਕਦੀ ਮਜ਼ਬੂਰ ਨਹੀਂ ਰਹਿਣਗੇ।

# ਅਪ੍ਰੈਲ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:)
## ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,

॥ ਵਾਹਿਗੁਰੂ ਜੀ ਕਾ ਖਾਲਸਾ॥

॥ ਵਾਹਿਗੁਰੂ ਜੀ ਕੀ ਫਤਹਿ॥

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਅਪ੍ਰੈਲ 2024 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਸੀਨੀਅਰ ਵਾਇਸ ਪ੍ਰਧਾਨ, ਹੈ. ਕੁ. ਕਮ ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ –

ਅਪ੍ਰੈਲ ਮਹੀਨੇ ਦੀ ਕੁੱਲ ਆਮਦਨ (ਰੁਪਏ) – 475638/– ਰੁਪਏ

ਅਪ੍ਰੈਲ ਮਹੀਨੇ ਦਾ ਕੁੱਲ ਖਰਚ (ਰੁਪਏ) – 267968.50/– ਰੁਪਏ

2. **ਅਪ੍ਰੈਲ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਵੈਸਾਖ ਮਹੀਨੇ ਦੀ ਸੰਗਰਾਂਦ ਅਤੇ ਖਾਲਸੇ ਦੇ ਜਨਮ ਦਾ ਦਿਹਾੜਾ 13 ਅਪ੍ਰੈਲ 2024 ਨੂੰ ਸ਼ਰਧਾਪੂਰਵਕ ਮਨਾਇਆ ਗਿਆ। ਜਿਸ ਵਿੱਚ ਲਗਭਗ 30–40 ਮੈਂਬਰਾਂ ਨੇ ਹਾਜ਼ਰੀ ਭਰੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡਾ. ਅਵਨੀਤ ਬਾਨੀ ਲਾਂਬਾ ਵਲੋ ਡੈਂਟਲ ਕਲੀਨਿਕ ਦੀ ਸੇਵਾਵਾਂ ਦਾ ਕੰਮ ਠੀਕ ਚੱਲ ਰਿਹਾ ਹੈ ਜਿਸ ਵਿੱਚ ਅਪ੍ਰੈਲ ਮਹੀਨੇ ਵਿੱਚ 15 ਲਾਭ ਪਾਤਰੀਆਂ ਨੇ ਡੈਂਟਲ ਸੇਵਾਵਾਂ ਦਾ ਚੈੱਕਅਪ ਅਤੇ ਇਲਾਜ ਕਰਾ ਕੇ ਲਾਹਾ ਲਿਆ ਹੈ।

4. **ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ** - ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਇਸ ਵਿਸ਼ੇ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਐਨ.ਓ.ਸੀ. ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

5. **ਜ਼ਰੂਰਤ ਤੇ ਹੋਣਹਾਰ ਬੱਚਿਆ ਨੂੰ ਵਜ਼ੀਫ਼ੇ ਦੇਣ ਸੰਬੰਧੀ** - 'ਲੁਬਾਣਾ ਸੇਵਕ' ਮੈਗਜ਼ੀਨ ਵਿੱਚ ਬਿਨੈ–ਪੱਤਰ ਫ਼ਾਰਮ ਪ੍ਰਾਪਤ ਕਰਨ ਦੀ ਮਿਤੀ 31.01.2024 ਰੱਖੀ ਗਈ ਸੀ, ਜਿਸ ਵਿੱਚ ਕੁੱਲ 33 ਫ਼ਾਰਮ ਮਿਲੇ ਹਨ ਅਤੇ ਸ: ਨਰਿੰਦਰ ਸਿੰਘ, ਪੀ.ਈ.ਐਸ. (ਰਿਟਾ.) ਕਾਰਜਕਾਰੀ ਮੈਂਬਰ ਅਤੇ ਵਜ਼ੀਫ਼ਾ ਵੰਡ ਸਬ–ਕਮੇਟੀ ਦੇ ਚੇਅਰਮੈਨ ਵਲੋਂ ਸਾਰੇ ਫਾਰਮਾਂ ਨੂੰ ਚੈਕ ਕਰਕੇ ਅਤੇ ਪ੍ਰਧਾਨ ਜੀ ਵਲੋਂ ਮਨਜ਼ੂਰੀ ਪ੍ਰਾਪਤ ਕਰਕੇ ਬੱਚਿਆਂ ਨੂੰ ਵਜ਼ੀਫ਼ਿਆਂ ਦੀ ਅਦਾਇਗੀ 31 ਮਾਰਚ 2024 ਨੂੰ, ਜਿਸ ਦੀ ਬਨਦੀ ਕੁੱਲ ਰਾਸ਼ੀ 2,53,800 ਰੁਪਏ ਸੀ, ਜਿਸ ਵਿਚੋਂ 29 ਬੱਚਿਆਂ ਦੇ ਵਜ਼ੀਫ਼ਿਆਂ ਦੀ ਅਦਾਇਗੀ 2,20,200 ਰੁਪਏ 31 ਮਾਰਚ 2024 ਨੂੰ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਕਰ ਦਿੱਤੀ ਗਈ ਸੀ ਅਤੇ 4 ਬੱਚਿਆਂ ਦੇ ਵਜ਼ੀਫ਼ਿਆਂ ਦੀ ਅਦਾਇਗੀ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਅਦਾ ਕਰਨ ਲਈ ਦੇਰੀ ਹੋ ਰਹੀ ਹੈ, ਫ਼ਾਉਂਡੇਸ਼ਨ ਦੀਆਂ ਕੁੱਝ ਜ਼ਰੂਰੀ ਬੈਂਕਿੰਗ ਕਾਰਵਾਈਆਂ ਪੂਰੀਆਂ ਹੋਣ ਉਪਰੰਤ ਕਰ ਦਿੱਤੀ ਜਾਏਗੀ।

6. **ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ ਇਮਾਰਤ ਦੀ ਮੁਰੰਮਤ ਬਾਰੇ** - ਇਸ ਵਿਸ਼ੇ ਦੀ ਸਥਿਤੀ ਕੰਮ ਨਾ ਹੋਣ ਕਰਕੇ ਜਿਉਂ ਦੀ ਤਿਉਂ ਹੀ ਹੈ।

7. **ਮਨੀਸ਼ ਕੁਮਾਰ ਗਬਨ ਕੇਸ ਬਾਰੇ** - ਇਸ ਕੰਮ ਨੂੰ ਅੱਗੇ ਵਧਾਉਣ ਲਈ ਕਾਰਜਕਾਰੀ ਕਮੇਟੀ ਵਲੋਂ ਇੱਕ ਨਵੀਂ ਕਮੇਟੀ ਦੀ ਗਠਨ ਕੀਤਾ ਜਾਵੇਗਾ ਜੋ ਕਿ ਇਸ ਕੰਮ ਉੱਤੇ ਛੇਤੀ ਤੋਂ ਛੇਤੀ ਆਪਣੀ ਬਨਦੀ ਕਾਰਵਾਈ ਸ਼ੁਰੂ ਕਰ ਸਕੇ ਤਾਂ ਜੋ ਇਸ ਦੀ ਸਥਿਤੀ ਵਿੱਚ ਬਦਲਾਵ ਹੋ ਸਕੇ।

8. **ਆਫ਼ਿਸ ਅਹੁਦੇਦਾਰਾਂ ਦੀ ਨਿਯੁਕਤੀਆਂ** - ਇੰਜ. ਭਗਵਾਨ ਸਿੰਘ ਲੁਬਾਣਾ ਵਲੋਂ ਆਫ਼ਿਸ ਅਹੁੱਦੇਦਾਰਾਂ ਨੂੰ ਉਹਨਾਂ ਦਾ ਨਿਯੁਕਤੀ ਪੱਤਰ ਸਨਮਾਨ ਸਹਿਤ ਦਿੱਤੇ ਜਾ ਚੁੱਕੇ ਹਨ ਜਿਹਨਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ :–

1. ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.) – ਸੀਨੀ. ਮੀਤ ਪ੍ਰਧਾਨ, ਹੈਡ ਕੁਆਟਰ ਕਮ ਵਿੱਤ ਸਕੱਤਰ

2. ਸੁਰਿੰਦਰ ਸਿੰਘ ਰੂਬੀ, ਈ.ਟੀ.ਓ. (ਰਿਟਾ.) – ਸੀਨੀ. ਮੀਤ ਪ੍ਰਧਾਨ ਕਮ ਲੁਬਾਣਾ ਸੇਵਕ ਆਡੀਟਰ

3. ਕਰਨਲ ਗੁਰਦੀਪ ਸਿੰਘ (ਰਿਟਾ.)– ਵਾਇਸ ਪ੍ਰਧਾਨ

4. ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.) ਅਤੇ ਸ: ਨਿਰਮਲ ਸਿੰਘ – ਮੈਂਟੀਨੈਂਸ ਸਕੱਤਰ

5. ਸ: ਮਨਜੀਤ ਸਿੰਘ – ਗੁਰੂ ਘਰ ਮੁੱਖ ਸੇਵਾਦਾਰ

**9. ਕਾਰਜਕਾਰੀ ਕਮੇਟੀ ਦਾ ਗਠਨ** - ਨਵੇਂ ਚੁਣੇ ਗਏ ਪ੍ਰਧਾਨ ਇੰਜ. ਭਗਵਾਨ ਸਿੰਘ ਲੁਬਾਣਾ ਦੀ ਪ੍ਰਧਾਨਗੀ ਹੇਠ ਇੱਕ ਨਵੀਂ ਕਾਰਜਕਾਰੀ ਕਮੇਟੀ ਦਾ ਗਠਨ ਕਰ ਲਿਆ ਗਿਆ ਹੈ ਅਤੇ ਉਹਨਾਂ ਨੂੰ ਸਨਮਾਨ ਸਹਿਤ ਨਿਯੁਕਤੀ ਪੱਤਰ ਵੀ ਦਿੱਤਾ ਜਾ ਚੁੱਕਾ ਹੈ।

**10. ਵਰਕਿੰਗ ਕਮੇਟੀ ਦੀ ਮੀਟਿੰਗ ਬਾਰੇ** - ਵਰਕਿੰਗ ਕਮੇਟੀ ਦੀ ਮੀਟਿੰਗ 29 ਅਪ੍ਰੈਲ 2024 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਹੋਈ, ਜਿਸ ਵਿੱਚ ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਸਹਿਤ 13 ਮੈਂਬਰਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਆਪਸੀ ਜਾਣ–ਪਛਾਣ ਕਰਾਈ ਗਈ। ਵਰਕਿੰਗ ਕਮੇਟੀ ਵਿੱਚ ਪਾਸ ਕੀਤੇ ਗਏ ਏਜੰਡੇ ਦੇ ਨੁਕਤਿਆਂ ਤੇ ਵਿਚਾਰ–ਵਟਾਂਦਰਾ ਕੀਤਾ ਗਿਆ ਅਤੇ ਵਰਕਿੰਗ ਕਮੇਟੀ ਦੇ ਮੈਂਬਰਾਂ ਨੇ ਏਜੰਡੇ ਦੇ ਸਾਰੇ ਮੁੱਦਿਆਂ ਤੇ ਰੋਸ਼ਨੀ ਪਾਈ ਅਤੇ ਸੁਝਾਅ ਪੇਸ਼ ਕੀਤੇ।

**11. ਭਾਈ ਲੱਖੀ ਸ਼ਾਹ ਬਲਾਕ ਦੀ ਉਸਾਰੀ ਸੰਬੰਧੀ** - ਸਰਕਾਰ ਵਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਪਹਿਲਾਂ ਵਾਲੇ ਉਸਾਰੀ ਪਲਾਨ ਅਤੇ ਨਵੇਂ ਉਸਾਰੀ ਪਲਾਨ ਦੀ ਸਰਕਾਰ ਵਲੋਂ ਮਨਜ਼ੂਰੀ ਅਨੁਸਾਰ ਹੀ ਕੰਮ ਕੀਤਾ ਜਾ ਰਿਹਾ ਹੈ।

12. ਸਰਕਾਰੀ ਨੋਟਿਸ ਆਉਣ ਤੋਂ ਉਪਰੰਤ ਭਵਨ ਵਿੱਚ ਜੋ ਉਸਾਰੀਆਂ ਜਿਵੇਂ ਕਿ ਲੰਗਰ ਰਸੋਈ ਅਤੇ ਹੋਰ ਟੈਂਪਰੇਰੀ ਸਟਰਕਚਰ ਬਣੇ ਹੋਏ ਸੀ ਜੋ ਕਿ ਨਕਸ਼ੇ ਤੋਂ ਬਾਹਰ ਸੀ, ਉਸਨੂੰ ਸਰਕਾਰੀ ਨੋਟਿਸ ਦੀ ਹਦਾਇਤਾਂ ਅਨੁਸਾਰ ਢਾਇਆ ਜਾ ਚੁੱਕਾ ਹੈ ਅਤੇ ਇਹ ਸਾਰਾ ਕੰਮ ਇੰਜ. ਭਗਵਾਨ ਸਿੰਘ, ਪ੍ਰਧਾਨ ਅਤੇ ਸ: ਹਰਮਨਪ੍ਰੀਤ ਸਿੰਘ, ਜਨਰਲ ਸਕੱਤਰ ਦੀ ਪੂਰੀ ਦੇਖ–ਰੇਖ ਵਿੱਚ ਹੋ ਰਿਹਾ ਹੈ।

ਪ੍ਰਧਾਨ ਜੀ ਵਲੋਂ ਸਮੂਹ ਮੈਂਬਰਾਂ ਅਤੇ ਹੋਰ ਦਾਨੀ ਸੱਜਣਾਂ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਇਸ ਸਾਂਝੇ ਉਸਾਰੀ ਕਾਰਜ ਜੋ ਕਿ ਸੰਸਥਾ ਦੇ ਹਿੱਤ ਵਿੱਚ ਹੈ, ਲਈ ਯਥਾ–ਸ਼ਕਤੀ ਅਤੇ ਸਵੈ–ਇੱਛਾ ਨਾਲ ਤਨ, ਮਨ ਅਤੇ ਧਨ ਨਾਲ ਆਪਣੀ–ਆਪਣੀ ਬਣਦੀ ਸੇਵਾ ਦਿਲ ਖੋਲ੍ਹ ਕੇ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

ਦਾਨ ਦੀ ਰਾਸ਼ੀ ਨਕਦ ਰਸੀਦ ਕਟਵਾ ਕੇ, ਚੈਕ, ਡਰਾਫ਼ਟ ਜਾਂ ਆਨਲਾਈਨ ਬੈਂਕ ਖਾਤੇ ਰਾਹੀਂ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.), ਚੰਡੀਗੜ੍ਹ ਦੇ ਖਾਤੇ ਵਿੱਚ ਜਮ੍ਹਾ ਕਰਵਾਈ ਜਾ ਸਕਦੀ ਹੈ ।

(1) ਬੈਂਕ ਦਾ ਨਾਮ ਅਤੇ ਪਤਾ – State Bank of India, Sector-30, Chandigarh.

(2) ਬੈਂਕ ਦਾ ਚਾਲੂ ਖਾਤਾ ਨੰਬਰ – 3538 3682 122

(3) ਬੈਂਕ ਦਾ ਆਰ.ਟੀ.ਜੀ.ਐਸ./ ਆਈ.ਐਫ਼.ਐਸ.ਸੀ.ਨੰਬਰ (N.I.F.T/ IFSC Code)- SBIN0001443

(4) ਫ਼ਾਊਂਡੇਸ਼ਨ ਦਾ PAN ਨੰਬਰ – AAABB0026D

● ● ●

# ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

5. **ਕਾਲਜ ਖੇਡਾਂ** : (ੳ) ਸ਼ੁਰੂ ਵਿੱਚ ਹੀ ਕਾਲਜ ਕਬੱਡੀ ਟੀਮ ਨੇ ਜ਼ੋਨਲ ਜਿੱਤਿਆ। ਤਿੰਨ ਖਿਡਾਰੀ ਯੂਨੀਵਰਸਿਟੀ ਅਤੇ ਪੰਜਾਬ ਸਟੇਟ ਦੀਆਂ ਟੀਮਾਂ ਵਿੱਚ ਖੇਡੇ ਅਤੇ ਮੈਡਲ ਜਿੱਤੇ। ਯੂਨੀਵਰਸਿਟੀ ਟੂਰਨਾਮੈਂਟ ਵਿੱਚ ਵੀ ਜਿੱਤਾਂ ਪ੍ਰਾਪਤ ਕੀਤੀਆਂ। ਬਾਅਦ ਵਿੱਚ ਕਬੱਡੀ ਟੀਮ ਯੂਨੀਵਰਸਿਟੀ ਚੈਂਪੀਅਨ ਵੀ ਰਹੀ। ਤਿੰਨ ਖਿਡਾਰੀ ਪੰਜਾਬ ਪੁਲਿਸ ਵਿੱਚ ਡੀਐਸਪੀ ਸਿਲੈਕਟ ਹੋਏ। ਸਾਲ 1974-75 ਲਈ ਗੁਰੂ ਨਾਨਕ ਯੂਨੀਵਰਸਿਟੀ ਕੱਬਡੀ ਕਲੱਬ ਦਾ ਪ੍ਰਧਾਨ ਨਾਮਜ਼ਦ ਕਰਕੇ ਦਾਸ ਨੂੰ ਸਨਮਾਨਿਤ ਕੀਤਾ ਗਿਆ।

(ਅ) ਕਾਲਜ ਅਥਲੀਟਾਂ ਨੇ ਅੰਤਰ ਯੂਨੀਵਰਸਿਟੀ ਮੈਚਾਂ ਵਿੱਚ ਮੈਡਲ ਜਿੱਤੇ। ਯੂਨੀਵਰਸਿਟੀ ਟੂਰਨਾਮੈਂਟ ਵਿੱਚ ਗੋਲਡ ਮੈਡਲ ਜਿੱਤੇ ਅਤੇ ਯੂਨੀਵਰਸਿਟੀ ਵਿਚ ਨਵੇਂ ਰਿਕਾਰਡ ਕਾਇਮ ਕੀਤੇ।

(ੲ) ਮੇਰੀ ਬੇਟੀ ਬਰਿੰਦਰ ਕੌਰ 1971-72 ਤੋਂ ਤਿੰਨ ਸਾਲ ਕੁੜੀਆਂ ਵਿਚੋਂ ਕਾਲਜ ਬੈਸਟ ਅਥਲੀਟ ਰਹੀ।

6. **ਐਨ.ਸੀ. ਸੀ.**: ਕਾਲਜ ਵਿੱਚ ਹਰ ਸਾਲ ਯੂਨੀਵਰਸਿਟੀ ਵੱਲੋਂ ਐਨ.ਸੀ.ਸੀ. ਦਿਨ ਮਨਾਇਆ ਜਾਂਦਾ।

ਪਹਿਲੇ ਸਾਲ ਹੀ 55 ਕੈਡਿਟ ਬੀ ਸਰਟੀਫਿਕੇਟ ਟੈਸਟ ਵਿੱਚ ਅਪੀਅਰ ਹੋਏ।

7. **ਸਨਮਾਨ ਚਿੰਨ** : ਤਿੰਨ ਸਾਲਾ ਡੈਪੂਟੇਸ਼ਨ ਕਾਲ ਦੇ ਸਮਾਪਤ ਹੋਣ ਤੇ ਕਾਲਜ ਨੂੰ ਹਰ ਖੇਤਰ ਵਿੱਚ ਚੜ੍ਹਦੀ ਕਲਾ ਤੇ ਗਾਮਜ਼ਨ ਹੋਏ ਦੇਖਦਿਆਂ ਵਾਪਿਸ ਪੰਜਾਬ ਗੌਰਮਿੰਟ ਕਾਲਜ ਵਿਖੇ ਜਾਣ ਤੇ ਕਾਲਜ ਮੈਨੇਜਿੰਗ ਕਮੇਟੀ ਵੱਲੋਂ ਵਿਸ਼ੇਸ਼ ਇਕਤਰਤਾ ਵਿੱਚ ਉੱਘੀ ਕਾਲਜ ਸੇਵਾ ਨਿਭਾਉਣ ਲਈ ਚਾਂਦੀ ਦੀ ਤਸ਼ਤਰੀ ਸਨਮਾਨ ਚਿੰਨ੍ਹ ਵਜੋਂ ਪ੍ਰਦਾਨ ਕਰਕੇ ਵਿਦਾ ਕੀਤਾ ਗਿਆ।

## ਪ੍ਰਿੰਸੀਪਲ ਗੌਰਮਿੰਟ ਕਾਲਜ ਨਾਭਾ ਅਤੇ ਕਾਲਾ ਅਫਗਾਨਾ ਅਤੇ ਗੌਰਮਿੰਟ ਕਾਲਜ ਕਪੂਰਥਲਾ ਵਿਖੇ ਦੂਜੀ ਟਰਮ

ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ ਵਿਖੇ ਬਤੌਰ ਪ੍ਰਿੰਸੀਪਲ ਤਿੰਨ ਸਾਲਾ ਡੈਪੂਟੇਸ਼ਨ ਪੂਰਾ ਹੋਣ ਤੇ 22.08.1974 ਨੂੰ ਲਗਭਗ 15 ਸਾਲ ਬਾਅਦ ਮੈਂ ਇਕ ਵਾਰ ਫਿਰ ਰਣਧੀਰ ਗੌਰਮਿੰਟ ਕਾਲਜ ਕਪੂਰਥਲਾ ਵਿਖੇ ਦੂਜੀ ਟਰਮ ਲਈ ਸੇਵਾ ਕਰਨ ਪਹੁੰਚ ਗਿਆ ਪਰ ਇਥੇ ਗਣਿਤ ਵਿਭਾਗ ਦੀ ਕਲਾਸ-2 ਦੀ ਪੋਸਟ ਨਾ ਹੋਣ ਕਰਕੇ ਦੋ ਮਹੀਨੇ ਬਾਅਦ ਹੀ ਮੇਰੀ ਬਦਲੀ ਗੌਰਮਿੰਟ ਕਾਲਜ ਮੁਕਤਸਰ ਵਿਖੇ ਹੋ ਗਈ ਜਿਥੇ ਮੈਂ 23.12.1974 ਤੋਂ 11.08.1975 ਤੱਕ ਸੇਵਾ ਕੀਤੀ। ਮੁਕਤਸਰ ਕਾਲਜ ਵਿੱਚ ਪ੍ਰੋ. ਰਾਜਿੰਦਰ ਸਿੰਘ ਬਖਸ਼ੀ ਮਿਲ ਗਏ ਜੋ ਪਹਿਲਾਂ ਕਿਸੇ ਵਕਤ ਗੌਰਮਿੰਟ ਕਾਲਜ, ਲੁਧਿਆਣਾ ਵਿਖੇ ਮੇਰੇ ਨਾਲ ਲੈਕਚਰਾਰ ਸਨ। ਮੁਕਤਸਰ ਵਿਖੇ ਇਨ੍ਹਾਂ ਨਾਲ ਹੀ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਰਿਹਾ। ਹਰ ਹਫਤੇ ਸ਼ਨਿਚਰਵਾਰ ਨੂੰ ਕਪੂਰਥਲੇ ਆ ਜਾਂਦਾ ਸੀ। ਮੁਕਤਸਰ ਸਾਹਿਬ ਦਾ ਮਾਘੀ ਦਾ ਮੇਲਾ ਬੜਾ ਪ੍ਰਸਿੱਧ ਹੈ। ਗੁਰਦੁਆਰਾ ਸਾਹਿਬ ਦਾ ਸਰੋਵਰ ਬੜਾ ਵੱਡਾ ਹੈ। ਇਥੇ ਖਿਦਰਾਨੇ ਦੀ ਢਾਬ ਵਿਖੇ 40 ਮੁਕਤਿਆਂ ਦੀ ਟੁੱਟੀ ਗੰਢੀ ਗਈ ਸੀ।

ਇਸ ਦੌਰਾਨ ਮੈਂ ਆਪਣੇ ਮਿੱਤਰ ਗਿਆਨੀ ਭਗਤ ਸਿੰਘ ਐਡਵੋਕੇਟ ਨੂੰ ਨਾਲ ਲੈ ਕੇ ਇੱਕ-ਦੋ ਵਾਰ ਮੇਜਰ ਜਨਰਲ ਆਰ.ਐਸ. ਸਪੈਰੋ ਨੂੰ ਜਲੰਧਰ ਕੈਂਟ ਵਿਖੇ ਮਿਲਿਆ। ਉਹ ਉਦੋਂ ਜਲੰਧਰ ਹਲਕੇ ਦੇ ਐਮ.ਪੀ. ਸਨ। ਉਨ੍ਹਾਂ ਦੀ ਸਹਾਇਤਾ ਨਾਲ ਮੈਂ ਫਿਰ 12.08.1975 ਨੂੰ ਮੁਕਤਸਰ ਤੋਂ ਆਪਣੀ ਕਲਾਸ-2 ਦੀ ਪੋਸਟ ਨਾਲ ਲੈ ਕੇ ਕਪੂਰਥਲਾ ਵਿਖੇ ਜੌਆਇਨ ਕਰ ਲਿਆ। ਪ੍ਰਿੰਸੀਪਲ ਬਨਣ ਤੱਕ ਗਣਿਤ ਵਿਭਾਗ ਦੇ ਮੁਖੀ ਦੇ ਤੌਰ 'ਤੇ ਇਸ ਕਾਲਜ ਵਿੱਚ ਇਲਾਕੇ ਦੀ ਫਿਰ ਸੇਵਾ ਕਰਨ ਦਾ ਅਵਸਰ ਮਿਲਿਆ।

ਕਪੂਰਥਲੇ ਦੇ ਰਣਧੀਰ ਗੌਰਮਿੰਟ ਕਾਲਜ ਦਾ ਨਵਾਂ ਨਾਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਗੌਰਮਿੰਟ ਕਾਲਜ, ਕਪੂਰਥਲਾ ਜ਼ਿਲ੍ਹੇ ਦੇ ਹੀ ਵਸਨੀਕ ਸਿੱਖਿਆ ਮੰਤਰੀ ਪੰਜਾਬ ਸ. ਸੁਖਜਿੰਦਰ ਸਿੰਘ ਰਾਮਗੜ੍ਹ ਵੇਲੇ ਰੱਖਿਆ ਗਿਆ ਸੀ। ਕਪੂਰਥਲਾ ਵਿਖੇ ਮੇਰਾ ਇਹ ਸੇਵਾ ਕਾਲ ਪਰਿਵਾਰ ਲਈ ਬੜਾ ਮਹੱਤਵਪੂਰਨ ਸਿੱਧ ਹੋਇਆ। ਇਸ ਸਮੇਂ ਦੌਰਾਨ ਗ੍ਰਹਿਸਤ ਦੀਆਂ ਕੁਝ ਜ਼ਿੰਮੇਵਾਰੀਆਂ ਵੀ ਨੇਪਰੇ ਚੜ੍ਹੀਆਂ। ਸਿਰ ਲੁਕਾਉਣ ਨੂੰ ਘਰ ਬਣ ਗਿਆ। ਵਾਹਿਗੁਰੂ ਦੀ ਕਿਰਪਾ ਨਾਲ ਚਾਰ ਬੱਚੇ ਕੰਮਕਾਜ ਤੇ ਲੱਗ ਗਏ। ਸਭ ਤੋਂ ਛੋਟੀ ਰਵਿੰਦਰ ਕੌਰ ਨੂੰ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿਚ ਦਾਖਲਾ ਮਿਲ ਗਿਆ। ਤਿੰਨ ਬੱਚਿਆਂ ਦੇ ਵਿਆਹ ਕਾਰਜ ਸੰਪੂਰਨ ਹੋ ਗਏ। ਆਪਣੇ ਸਰਕਾਰੀ ਸੇਵਾ ਕਾਲ ਦੇ ਆਰੰਭ ਵਿੱਚ ਵੀ ਮੈਂ ਇਸ ਕਾਲਜ ਵਿੱਚ ਲਗਭਗ ਸਾਢੇ ਸੱਤ ਸਾਲ ਰਿਹਾ।

ਹੁਣ ਇਥੇ ਇਸ ਦੂਜੇ ਸੇਵਾ ਕਾਲ ਦੇ ਅੱਠ ਸਾਲ ਪੂਰੇ ਹੋਣ ਵਾਲੇ ਸਨ। ਲਗਦਾ ਸੀ ਕਿ ਏਸੇ ਕਾਲਜ ਵਿੱਚੋਂ ਹੀ ਸੇਵਾ ਮੁਕਤ ਹੋਵਾਂਗਾ। ਮੇਰੇ ਸੇਵਾ ਮੁਕਤ ਹੋਣ ਦਾ ਸਾਲ 1983 ਵੀ ਚੜ੍ਹ ਗਿਆ। ਸਾਲ ਦਾ ਪਹਿਲਾ ਸਪਤਾਹ ਮੇਰੇ ਲਈ ਬੜਾ ਸ਼ੁੱਭ ਸਿੱਧ ਹੋਇਆ। ਮੇਰੀ ਪੱਦ ਉਨਤੀ ਹੋ ਗਈ ਅਤੇ ਪ੍ਰਿੰਸੀਪਲ ਦੇ ਤੌਰ 'ਤੇ ਮੇਰੀ ਨਿਯੁਕਤੀ ਰਿਪੁਦਮਨ ਕਾਲਜ, ਨਾਭਾ ਵਿਖੇ ਹੋ ਗਈ।

**(ਚਲਦਾ)**


# ਇਕ ਖੁਸ਼ ਸ਼ਹਿਜ਼ਾਦਾ

By Oscar Wilde
ਅਨੁਵਾਦ ਕੀਤਾ ਅਮਰੀਕ ਸਿੰਘ
ਹੁਣ ਸ਼ਿਕਾਗੋ, ਯੂ.ਐਸ.ਏ.

ਸ਼ਹਿਰ ਦੀ ਉਚੀ ਜਗ੍ਹਾ ਤੋਂ ਇਕ ਲੰਬੀ ਲਾਠ ਉਪਰ ਇਕ ਸ਼ਹਿਜ਼ਾਦੇ ਦਾ ਬੁੱਤ ਪੱਕੀ ਤਰ੍ਹਾਂ ਰੱਖਿਆ ਹੋਇਆ ਸੀ। ਬੁੱਤ ਪਤਲੇ ਸ਼ੁੱਧ ਸੋਨੇ ਦੀਆਂ ਪਤੀਆਂ ਨਾਲ ਮੜ੍ਹਿਆ ਹੋਇਆ, ਅੱਖਾਂ ਨੀਲੇ ਚਮਕਦੇ ਨੀਲਮ ਦੀਆਂ ਸਨ ਅਤੇ ਉਸ ਦੀ ਬਾਂਹ ਨਾਲ ਫੜੀ ਤਲਵਾਰ ਉਪਰ ਲਿਸ਼ਕਾ ਮਾਰਦਾ ਕੀਮਤੀ ਰੂਬੀ ਜੜਿਆ ਹੋਇਆ ਸੀ।

ਸ਼ਹਿਰ ਦਾ ਇਕ ਕੌਂਸਲਰ ਆਪਣੀ ਕਲਾ-ਪਰਖਣ ਦੀ ਸ਼ੋਹਰਤ ਹਾਸਲ ਕਰਨ ਲਈ ਫਰਮਾਉਂਦਾ, "ਸ਼ਹਿਜਾਦੇ ਦਾ ਬੁੱਤ ਦੁਨੀਆ ਦੇ ਸਭ ਬੁੱਤਾਂ ਤੋਂ ਨਿਆਰਾ ਹੈ।" ਕੌਂਸਲਰ ਹੈ ਤਾਂ ਬੁੱਧੂ ਸੀ ਪਰ ਲੋਕਾਂ ਤੋਂ ਡਰਦਾ ਕਲਾ ਪਰਖਨ ਦੀ ਗੱਲ ਕਹਿੰਦਾ ਤਾਂਕਿ ਲੋਕ ਉਸਨੂੰ ਐਸਾ ਨਾ ਸਮਝਣ। ਇਹ ਵੀ ਕਹਿ ਜਾਂਦਾ ਕਿ ਬੁੱਤ ਦਾ ਕੀ ਫਾਇਦਾ ਹੈ।

ਥੱਲੇ ਗਲੀ ਵਿਚ ਰੋਂਦੇ ਬੱਚੇ ਨੂੰ ਜੋ ਚੰਦਾ-ਮਾਮਾ ਮੰਗ ਰਿਹਾ ਸੀ। ਚੁੱਪ ਕਰਾਉਂਦੀ ਉਸ ਦੀ ਚੰਗੀ ਮਾਂ ਕਹਿ ਰਹੀ ਸੀ, "ਖੁਸ਼ ਸ਼ਹਿਜਾਦਾ ਤਾਂ ਕਦੀ ਕੋਈ ਚੀਜ਼ ਮੰਗਣ ਲਈ ਨਹੀਂ ਰੋਇਆ ਸੀ, ਤੂੰ ਵੀ ਚੁਪ ਹੋ ਜਾ ਮੇਰੇ ਲਾਡਲੇ ਖੁਸ਼ ਸ਼ਹਿਜਾਦੇ ਵਾਂਗੋਂ।" ਇਕ ਨਿਰਾਸ਼ਵਾਦੀ ਆਦਮੀ ਅਦਭੱਤ ਬੁੱਤ ਵੱਲ ਨੂੰ ਝਾਕਦਾ ਹੋਇਆ ਬੁੜ-ਬੜਾ ਕੇ ਬੋਲਿਆ, "ਇਹ ਸੁਣ ਕੇ ਮੈਨੂੰ ਬੜੀ ਖੁਸ਼ੀ ਹੋਈ ਹੈ ਕੇ ਇਸ ਦੁਨੀਆ ਵਿਚ ਕੋਈ ਤਾਂ ਖੁਸ਼ ਹੈ!"



ਅਮਰੀਕ ਸਿੰਘ
ਸ਼ਿਕਾਗੋ (ਯੂ.ਐਸ.ਏ)

"ਬੁੱਤ, ਫਰਿਸ਼ਤੇ ਜੈਸਾ ਲੱਗਦਾ ਹੈ", ਲਾਲ ਗੂੜ੍ਹੇ ਰੰਗ ਦਾ ਕੋਟ ਪਹਿਨੇ ਅਤੇ ਸਾਫ਼ ਚਿੱਟੀਆਂ ਪੈਂਟਾਂ ਪਾਈ ਹੋਏ ਚਰਚ ਦੇ ਚੈਰਿਟੀ ਸਕੂਲ ਵਿਚੋਂ ਬਾਹਰ ਆਉਂਦੇ ਹੋਏ ਬੱਚਿਆਂ ਨੇ ਕਿਹਾ।

"ਤੁਹਾਨੂੰ ਕੀ ਪਤਾ ਜਦੋਂ ਕਿ ਤੁਸੀਂ ਕੋਈ ਫਰਿਸ਼ਤਾ ਵੇਖਿਆ ਹੀ ਨਹੀਂ" ਹਿਸਾਬ ਦੇ ਮਾਸਟਰ ਨੇ ਕਿਹਾ।

"ਓ! ਅਸੀਂ ਆਪਨਿਆਂ ਸੁਪਨਿਆਂ ਵਿਚ ਵੇਖਿਆ ਹੈ" ਬੱਚਿਆਂ ਨੇ ਜੁਆਬ ਦਿੱਤਾ, ਪਰ ਹਿਸਾਬ ਦਾ ਮਾਸਟਰ ਬੱਚਿਆਂ ਨੂੰ ਘੂਰਦਾ ਹੋਇਆ ਲਾਲ ਪੀਲਾ ਹੋਇਆ ਅਤੇ ਉਸ ਨੇ ਬੱਚਿਆਂ ਦੇ ਸੁਪਨਿਆਂ ਨੂੰ ਨਿਕਾਰਿਆ।

ਇਕ ਰਾਤ ਵੇਲੇ ਸ਼ਹਿਰ ਉਪਰ ਇਕ ਛੋਟਾ ਸਵੈਲੋ ਪੰਛੀ ਉਡਦਾ ਹੋਇਆ ਆਇਆ। ਉਹਦੇ ਸਾਥੀ ਛੇ ਮਹੀਨੇ ਪਹਿਲਾਂ ਮਿਸਰ ਦੇਸ਼ ਜਾ ਚੁੱਕੇ ਸਨ ਪਰ ਪਿੱਛੇ ਰੁੱਕ ਗਿਆ ਸੀ ਇਕ ਬਹੁਤ ਸੁੰਦਰ ਲਾਲ ਰੰਗ ਦੀ ਰੀਢ ਦੇ ਪਿਆਰ ਵਿਚ। ਬਹਾਰ ਰੁੱਤ ਦੇ ਸ਼ੁਰੂ ਵਿਚ ਦਰਿਆ ਉਪਰੋਂ ਉਡਦੇ ਹੋਏ ਸਵੈਲੋ ਨੇ ਰੀਡ ਦੀ ਪਤਲੀ ਕਮਰ ਦੇਖੀ ਤੇ ਐਸਾ ਮੋਹਿਤ ਹੋਇਆ ਕਿ ਰੁਕ ਗਿਆ ਉਥੇ ਹੀ। ਰੀਡ ਨਾਲ ਉਸ ਨੇ ਖੂਬ ਗੱਲਾਂ ਕੀਤੀਆਂ। ਸਵੈਲੋ ਅਸਲੀ ਪੁਆਂਟ ਤੇ ਗੱਲ ਕਰਨ ਦਾ ਆਦੀ ਸੀ ਅਤੇ ਉਸ ਨੇ ਕਿਹਾ "ਕੀ ਮੈਂ ਤੈਨੂੰ ਪਿਆਰ ਕਰ ਸਕਦਾ ਹਾਂ।" ਰੀਡ ਨੇ ਹਲਕਾ ਕੁ ਸਿਰ ਹਿਲਾਇਆ। ਸੋ ਉਸ ਨੇ ਰੀਡ ਦੇ ਆਲੇ-ਦੁਆਲੇ ਘੁੰਮ ਕੇ ਲੋਰ ਵਿਚ ਬਹੁਤ ਖੰਬ ਖਿਲਾਰੇ। ਪਾਣੀ ਨੂੰ ਕਈ ਵਾਰ ਖੰਬਾਂ ਨਾਲ ਖਿਲਾਰਿਆ ਅਤੇ ਰੀਡ ਨੂੰ ਛੋਹਿਆ। ਇਹ ਉਹਨਾਂ ਦੀ ਰੋਮਾਂਸ ਕਰਨ ਦਾ ਢੰਗ ਸੀ ਜੋ ਕਿ ਸਾਰੀ ਗਰਮੀਆਂ ਚੱਲਦਾ ਰਿਹਾ। ਦੂਸਰੇ ਸਵੈਲੋ ਪੰਛੀਆਂ ਨੇ ਉਸ ਸਵੈਲੋ ਤੋਂ ਵਿਅੰਗ ਕਸੇ ਕੇ, "ਇਹ ਉਹਦਾ ਮੂਰਖਤਾ ਭਰਿਆ ਮੋਹ ਹੈ। ਰੀਡ ਕੋਲ ਨਾ ਪੈਸਾ ਹੈ ਅਤੇ ਕਈਆ ਨਾਲ ਉਸ ਦੇ ਸਬੰਧ ਹਨ।" ਸਚਮੁੱਚ ਦਰਿਆ ਵਿਚ ਅਨੇਕਾਂ ਹੀ ਰੀਡ ਸਨ। ਜਦੋਂ ਪਤਝੜ ਆਈ ਉਸ ਸਵੈਲੋ ਤੋਂ ਬਿਨਾਂ ਬਾਕੀ ਦੇ ਸਾਰੇ ਸਵੈਲੋ ਉਥੋਂ ਉਡ ਗਏ।

ਉਹਨਾਂ ਦੇ ਜਾਣ ਦੇ ਪਿਛੋਂ ਛੋਟੇ ਸਵੈਲੋ ਨੇ ਇਕੱਲਾਪਨ ਮਹਿਸੂਸ ਕੀਤਾ ਅਤੇ ਆਪਨੀ ਪਤਨੀ ਤੋਂ ਅੱਕ ਗਿਆ। ਸਵੈਲੋ ਨੇ ਕਿਹਾ, "ਤੂੰ ਮੇਰੇ ਨਾਲ ਕੋਈ ਗੁੱਫਤਗੂ ਨਹੀਂ ਕਰਦੀ, ਮੈਨੂੰ ਡਰ ਹੈ ਕਿ ਤੂੰ ਨਖਰਾ ਦਿਖਾ ਰਹੀ ਹੈ ਅਤੇ ਹਮੇਸ਼ਾ ਤੇਜ਼ ਹਵਾ ਨਾਲ ਹੀ ਤੂੰ ਇਸ਼ਕ ਕਰਨ ਲੱਗ ਪਈ ਹੈ।" ਗੱਲ ਠੀਕ ਸੀ ਜਦੋਂ ਵੀ ਤੇਜ਼ ਹਵਾ ਚੱਲਦੀ ਰੀਡ ਸ਼ਾਨਦਾਰ ਘੁੰਮਨ ਘੇਰੀਆਂ ਹਨ੍ਹੇਰੀ ਨਾਲ ਪਾਂਦੀ। ਮੈਨੂੰ ਯਕੀਨ ਹੈ ਕਿ ਰੀਡ ਇਥੋਂ ਦੀ ਹੀ ਘਰੇਲੂ ਪਤਨੀ ਹੀ ਹੈ। ਮੈਨੂੰ ਤੇ ਸਫ਼ਰ ਕਰਨਾ ਚੰਗਾ ਲੱਗਦਾ ਹੈ ਅਤੇ ਮੇਰੀ ਪਤਨੀ ਨੂੰ ਵੀ ਮੇਰੇ ਨਾਲ ਸਫ਼ਰ ਕਰਨਾ ਚਾਹੀਦਾ ਹੈ।

"ਕੀ ਤੂੰ ਮੇਰੇ ਨਾਲ ਚੱਲੇਂਗੀ" ਸਵੈਲੋ ਨੇ ਆਖਰਕਾਰ ਉਸ ਨੂੰ ਪੁੱਛਿਆ। ਰੀਡ ਨੇ ਅਪਨਾ ਸਿਰ ਨਾਂਹ ਵਿਚ ਹਿਲਾਇਆ ਕਿਉਂਕਿ ਉਹ ਆਪਨੇ ਘਰ ਨਾਲ ਬਹੁਤ ਜੁੜੀ ਹੋਈ ਸੀ। ਸਵੈਲੋ ਚੀਕਿਆ, "ਤੂੰ ਮੇਰੇ ਨਾਲ ਮਜ਼ਾਕ ਕੀਤਾ ਹੈ ਕੋਈ ਪਰਵਾਹ ਨਹੀਂ ਤੈਨੂੰ ਮੇਰੀ। ਅੱਛਾ ਗੁਡ ਬਾਏ, ਮੈਂ ਮਿਸਰ ਦੇ ......... ਨੂੰ ਜਾਂਦਾ ਹਾਂ" ਕਹਿੰਦਾ ਹੋਇਆ ਉਡ ਗਿਆ।

ਸਾਰਾ ਦਿਨ ਉਹ ਉਡਦਾ ਰਿਹਾ ਅਤੇ ਰਾਤ ਵੇਲੇ ਇਕ ਸ਼ਹਿਰ ਵਿਚ ਪਹੁੰਚ ਗਿਆ। ਸਵੈਲੋ ਮੂੰਹ ਵਿਚ ਬੋਲਿਆ "ਮੈਂ ਕਿਥੇ ਠਹਿਰਾਂਗਾ? ਉਮੀਦ ਹੈ ਸ਼ਹਿਰ ਵਿਚ ਠਹਿਰਨ ਲਈ ਮੈਨੂੰ ਜਗ੍ਹਾ ਮਿਲ ਜਾਵੇਗੀ।"

ਫਿਰ ਉਸ ਨੇ ਇਕ ਉਚੀ ਲਾਠ ਉਪਰ ਬੁੱਤ ਰਖਿਆ ਦੇਖਿਆ। ਇਹ ਇਕ ਖੁਸ਼ ਸ਼ਹਿਜਾਦੇ ਦਾ ਬੁੱਤ ਸੀ।

"ਇਹ ਬੜੀ ਚੰਗੀ ਥਾਂ ਹੈ ਅਤੇ ਖੁਲ੍ਹੀ ਤਾਜ਼ੀ ਹਵਾ ਹੈ" ਚਹਿਕਦਾ ਹੋਇਆ ਉਹ ਖੁਸ਼ ਸ਼ਹਿਜਾਦਾ ਦੇ ਬੁੱਤ ਦੇ ਪੈਰਾਂ ਵਿਚਲੀ ਜਗ੍ਹਾ ਤੇ ਬੈਠ ਗਿਆ।

"ਮੈਨੂੰ ਕਿਆ ਸੁਨਿਹਰੀ ਸੌਣ ਵਾਲਾ ਕਮਰਾ ਮਿਲ ਗਿਆ ਹੈ" ਉਸ ਨੇ ਮੰਨ ਵਿਚ ਕਿਹਾ। ਆਲੇ-ਦੁਆਲੇ ਦੇਖ ਕੇ ਉਹ ਸਿਰ ਨੂੰ ਅਪਨੇ ਖੰਬਾਂ

ਵਿਚ ਵਾੜ ਕੇ ਸੌਣ ਹੀ ਲੱਗਾ ਸੀ ਕਿ ਅਚਾਨਕ ਇਕ ਪਾਣੀ ਦੀ ਮੋਟੀ ਬੂੰਦ ਉਸ ਤੇ ਡਿੱਗੀ।

"ਕਿਹੋ ਜਿਹੀ ਅਜੀਬ ਗੱਲ ਹੈ। ਬੱਦਲਾਂ ਦਾ ਅਕਾਸ਼ ਵਿਚ ਨਿਸ਼ਾਨ ਨਹੀਂ, ਰਾਤ ਸਾਫ਼ ਹੈ, ਤਾਰੇ ਚਮਕ ਰਹੇ ਹਨ ਅਤੇ ਫਿਰ ਵੀ ਬਾਰਸ਼। ਯੌਰਪ ਦਾ ਮੌਸਮ ਸੱਚੀ ਹੀ ਗੰਦਾ ਅਤੇ ਡਰਾਉਣਾ ਹੈ। ਰੀਡ, ਇਕ ਛੋਟਾ ਪੰਛੀ, ਬਾਰਸ਼ ਨੂੰ ਪਸੰਦ ਕਰਦੀ ਸੀ, ਪਰ ਮੇਰੇ ਨਾਲ ਇਸ਼ਕ ਉਸ ਦਾ ਝੂਠਾ ਸੀ" ਉਹ ਚੀਕਿਆ।

ਫਿਰ ਇਕ ਹੋਰ ਬੂੰਦ ਡਿੱਗੀ।

ਇਸ ਬੁੱਤ ਦਾ ਕੀ ਫਾਇਦਾ ਜੇ ਇਹ ਬਾਰਸ਼ ਤੋਂ ਨਹੀਂ ਬਚਾ ਸਕਦਾ। ਮੈਂ ਕੋਈ ਚਿਮਨੀ ਦੀ ਸਿਖਰ ਲੱਭਦਾ ਹਾਂ ਅਤੇ ਉਹਨੇ ਉਡਣ ਦਾ ਪੱਕਾ ਇਰਾਦਾ ਬਣਾ ਲਿਆ।

ਖੰਬ ਖੋਲਣ ਤੋਂ ਪਹਿਲਾਂ ਹੀ ਤੀਸਰੀ ਬੂੰਦ ਡਿੱਗੀ ਅਤੇ ਉਸ ਨੇ ਉਪਰ ਵੱਲ ਦੇਖਿਆ; ਓ ਇਹ ਕੀ ! ਸ਼ਹਿਜਾਦੇ ਦੀਆਂ ਅੱਖਾਂ ਅੱਥਰੂਆਂ ਨਾਲ ਭਰੀਆਂ ਹਨ ਅਤੇ ਅੱਥਰੂ ਉਹਦੀਆਂ ਗੁਲਾਬੀ ਗੱਲਾਂ ਤੋਂ ਤਿਲਕਦੇ ਥੱਲੇ ਨੂੰ ਵੱਗ ਰਹੇ ਹਨ। ਛੋਟੇ ਸਵੈਲੋ ਨੂੰ ਸ਼ਹਿਜਾਦੇ ਦਾ ਚਿਹਰਾ ਚਾਂਦਨੀ ਰਾਤ ਵਿਚ ਬੜਾ ਹੀ ਸੋਹਣਾ ਲੱਗਾ ਅਤੇ ਛੋਟਾ ਸਵੈਲੋ ਤਰਸ ਨਾਲ ਭਰ ਗਿਆ।

"ਤੂੰ ਕੌਣ ਹੈ?" ਸਵੈਲੋ ਬੋਲਿਆ।

ਮੈਂ ਖੁਸ਼ ਸ਼ਹਿਜਾਦਾ ਹਾਂ।

**ਸਵੈਲੋ - ਫਿਰ ਤੂੰ ਰੋ ਕਿਉਂ ਰਿਹਾ ਹੈਂ ਤੂੰ ਮੈਨੂੰ ਭਿਉ ਦਿੱਤਾ ਹੈ।**

**ਸ਼ਹਿਜਾਦਾ** - ਜਦੋਂ ਮੈਂ ਜਿਉਂਦਾ ਸੀ ਅਤੇ ਮਨੁੱਖੀ ਦਿਲ ਸੀ ਮੇਰਾ, ਮੈਨੂੰ ਪਤਾ ਹੀ ਨਹੀਂ ਸੀ ਕਿ ਅੱਥਰੂ ਕੀ ਹੁੰਦੇ ਹਨ ਕਿਉਂਕਿ ਮੈਂ ਮਹੱਲ ਵਿਚ ਰਹਿੰਦਾ ਸੀ ਜਿਥੇ ਉਦਾਸੀ ਦਾ ਦਾਖਲ ਹੋਣਾ ਮਨ੍ਹਾਂ ਸੀ। ਦਿਨੇ ਮੈਂ ਦੋਸਤਾਂ ਨਾਲ ਖੇਡਦਾ, ਸ਼ਾਮ ਨੂੰ ਵੱਡੇ ਹਾਲ ਵਿਚ ਡਾਨਸ ਕਰਨ ਵਾਲਿਆਂ ਦਾ ਮੋਹਰੀ ਹੁੰਦਾ। ਮਹੱਲ ਦੇ ਦੁਆਲੇ ਉਚੀ ਦੀਵਾਰ ਸੀ। ਮੈਂ ਕਦੀ ਕਿਸੇ ਨੂੰ ਪੁੱਛਣਾ ਮਹਿਸੂਸ ਹੀ ਨਹੀਂ ਕੀਤਾ ਸੀ ਕਿ ਬਾਹਰ ਕੀ ਹੈ ਕਿਉਂਕਿ ਮੇਰੇ ਆਲੇ-ਦੁਆਲੇ ਸਭ ਕੁਝ ਬਹੁਤ ਸੁੰਦਰ ਹੀ ਸੁੰਦਰ ਸੀ। ਮੇਰੀ ਦੇਖਭਾਲ ਕਰਨ ਵਾਲੇ ਮੈਨੂੰ ਖੁਸ਼ ਸ਼ਹਿਜਾਦਾ ਕਹਿ ਕੇ ਪੁਕਾਰਦੇ ਅਤੇ ਮੈਂ ਸੱਚ ਵਿਚ ਹੀ ਬੜਾ ਖੁਸ਼ ਸੀ ਜੇਕਰ ਲਜ਼ਤ ਹੀ ਖੁਸ਼ੀ ਹੈ। ਮੈਂ ਇਸੇ ਤਰ੍ਹਾਂ ਹੀ ਜੀਵਿਆ ਅਤੇ ਇਸੇ ਤਰ੍ਹਾਂ ਹੀ ਮਰ ਗਿਆ। ਹੁਣ ਜਦੋਂ ਮੈਂ ਮਰ ਗਿਆ ਹਾਂ ਤਾਂ ਮੈਨੂੰ ਇੰਨੀ ਉਚੀ ਜਗ੍ਹਾ ਤੇ ਰੱਖ ਦਿੱਤਾ ਹੈ ਕਿ ਮੈਂ ਆਪਨੇ ਸ਼ਹਿਰ ਦੀ ਦਰਦਨਾਕ ਪੀੜਾ ਵਾਲੀ ਅਤੇ ਇਸਦੀ ਖੁਸ਼ੀਆਂ ਵਾਲੀ ਜ਼ਿੰਦਗੀ ਦੋਵੇਂ ਦੇਖ ਸਕਦਾ ਹਾਂ। ਭਾਵੇਂ ਮੇਰਾ ਦਿਲ ਸਿੱਕੇ ਦਾ ਹੈ ਪਰ ਫਿਰ ਵੀ ਮੈਂ ਇਹ ਪੀੜਾ ਭਰੀ ਜ਼ਿੰਦਗੀ ਦੇਖ ਕੇ ਰੋ ਹੀ ਪੈਨਾਂ ਹਾਂ ਮੈਨੂੰ ਇਹ ਰੁਆ ਦਿੰਦੀ ਹੈ।

ਸਵੈਲੋ ਨੇ ਅਪਨੇ ਮਨ ਵਿਚ ਕਿਹਾ, "ਓ ! ਸੋਨੇ ਦਾ ਨਹੀਂ" ਹੋਰ ਉਹ ਕੁਝ ਨਾ ਬੋਲ ਸਕਿਆ।

**ਬੁੱਤ** - ਹਲਕੀ ਬੜੀ ਹਲਕੀ ਮਧੁਰ ਸੰਗੀਤ ਭਰੀ ਆਵਾਜ਼ ਵਿਚ ਬੋਲਿਆ, "ਛੋਟੀ ਗਲੀ ਵਿਚ ਕਾਫੀ ਦੂਰ ਇਕ ਗਰੀਬ ਦਾ ਘਰ ਹੈ। ਇਕ ਬਾਰੀ ਖੁਲੀ ਪਈ ਹੈ ਅਤੇ ਜਿਸ ਰਾਹੀਂ ਮੈਂ ਇਕ ਔਰਤ ਨੂੰ ਦੇਖ ਰਿਹਾ ਹਾਂ। ਉਹਦਾ ਚਿਹਰਾ ਪਤਲਾ, ਘਸਿਆ ਅਤੇ ਉਹਦੇ ਪੀਲੇ ਹੱਥ ਸੂਈਆਂ ਨਾਲ ਕਈ ਜਗ੍ਹਾ ਤੋਂ ਵਿੰਨੇ ਹੋਏ ਹਨ ਅਤੇ ਅੰਤਾਂ ਦੀ ਥਕੀ ਲੱਗ ਰਹੀ ਹੈ. ਫਿਰ ਵੀ ਉਹ ਇਕ ਕੋਰੀ ਫੁਲਕਾਰੀ ਤੇ ਬਹੁਤ ਸੁੰਦਰ ਫੁਲ ਕੱਢ ਰਹੀ ਹੈ ਜਿਸ ਨੂੰ ਰਾਣੀ ਦੀ ਵੱਡੀ ਸ਼ਹਿਜਾਦੀ ਨੇ ਆ ਰਹੇ ਡਾਨਸ ਲਈ ਪਹਿਨਣਾ ਹੈ। ਕਮਰੇ ਦੇ ਕੋਨੇ ਉਤੇ ਪਏ ਬਿਸਤਰੇ ਉਪਰ ਉਹਦਾ ਬੀਮਾਰ ਬੱਚਾ ਲੇਟਿਆ ਹੋਇਆ ਹੈ। ਉਸ ਨੂੰ ਬੁਖਾਰ ਹੈ ਅਤੇ ਇਕ ਸੰਤਰਾ ਮੰਗ ਰਿਹਾ ਹੈ। ਪਰ ਉਹਦੀ ਮਾਂ ਕੋਲ ਕੁਝ ਨਹੀਂ ਹੈ ਬੱਚੇ ਨੂੰ ਦੇਣ ਵਾਸਤੇ ਸੁਆਏ ਦਰਿਆ ਦੇ ਪਾਣੀ ਦੇ। ਇਸ ਲਈ ਬੱਚਾ ਰੋ ਰਿਹਾ ਹੈ।

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਕੀ ਤੂੰ ਮੇਰੀ ਤਲਵਾਰ ਉਤੋਂ ਲੱਗੀ ਰੂਬੀ ਨੂੰ ਪੁਟੇਗਾ? ਮੇਰੇ ਪੈਰ ਪੱਥਰ ਵਿਚ ਗੱਡੇ ਹੋਏ ਹਨ ਇਸ ਕਰਕੇ ਮੈਂ ਹਿਲ ਨਹੀਂ ਸਕਦਾ।

**ਸਵੈਲੋ** - ਮੇਰੀ ਮਿਸ਼ਰ ਦੇਸ਼ ਵਿਚ ਇੰਤਜ਼ਾਰ ਹੋ ਰਹੀ ਹੈ। ਮੇਰੇ ਯਾਰ ਨੀਲ ਦਰਿਆ ਦੇ ਉਪਰ ਇਧਰ ਉਧਰ ਉਡਦੇ ਹੋਏ ਅਤੇ ਬਹੁਤ ਵੱਡੇ ਲੋਟਸ ਦੇ ਵੱਡੇ ਫੁਲਾਂ ਨਾਲ ਗੱਲਾਂ ਕਰ ਰਹੇ ਹਨ। ਜਲਦੀ ਹੀ ਉਹ ਮਹਾਨ ਰਾਜੇ ਦੀ ਕਬਰ ਉਪਰ ਸੌ ਜਾਣਗੇ। ਨਾਲ ਹੀ ਰਾਜਾ ਵੀ ਸੁੰਦਰ ਪੀਲੇ ਲੀਲਣ ਦੇ ਕੱਪੜੇ ਜਿਸ ਉਪਰ ਹੀਰੇ ਜੜ੍ਹੇ ਹਨ ਵਾਲੇ ਕਫਨ ਵਿਚ ਲਪੇਟਿਆ ਕਬਰ ਵਿਚ ਪਿਆ ਹੋਇਆ ਹੈ। ਉਸ ਦੀ ਗਰਦਨ ਵਿਚ ਹਰੇ ਰੰਗ ਦਾ ਕੀਮਤੀ ਹਾਰ ਹੈ ਅਤੇ ਉਹਦੇ ਹੱਥ ਸੁਕੇ ਹੋਏ ਪੱਤਿਆਂ ਵਾਂਗੂੰ ਹਨ।

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਕੀ ਤੂੰ ਇਕ ਰਾਤ ਮੇਰੇ ਕੋਲ ਨਹੀਂ ਠਹਿਰ ਸਕਦਾ ਅਤੇ ਮੇਰਾ ਡਾਕੀਆ ਨਹੀਂ ਬਣੇਗਾ? ਬੱਚਾ ਬੜਾ ਪਿਆਸਾ ਹੈ ਅਤੇ ਉਹਦੀ ਮਾਂ ਬੜੀ ਉਦਾਸ ਹੈ।

**ਸਵੈਲੋ** - ਮੈਂ ਬੱਚਿਆਂ ਨੂੰ ਪਸੰਦ ਨਹੀਂ ਕਰਦਾ, ਪਿਛਲੀ ਗਰਮੀਆਂ ਜਦੋਂ ਮੈਂ ਦਰਿਆ ਦੇ ਕੰਢੇ ਠਹਿਰਿਆ ਸੀ ਉਥੋਂ ਦੇ ਭੈੜੇ ਬੱਚਿਆਂ ਜੋ ਮੇਰੇ ਤੇ ਹਮੇਸ਼ਾ ਪੱਥਰ ਸੁੱਟਦੇ ਸਨ। ਮੈਨੂੰ ਉਹਨਾਂ ਨੇ ਬੜਾ ਦੁਖੀ ਕੀਤਾ ਸੀ। ਮੈਨੂੰ ਪੱਥਰ ਲੱਗੇ ਨਹੀਂ ਕਿਉਂਕਿ ਅਸੀਂ ਬੜੇ ਮਾਹਿਰ ਹਾਂ ਟੇਢੀ ਉਚੀ ਨੀਚੀ ਉਡਾਣ ਭਰਨ ਵਿਚ ਅਤੇ ਮੇਰੇ ਮਾਂ-ਬਾਪ ਬਹੁਤ ਹੀ ਮਸ਼ਹੂਰ ਸਨ ਇਹੋ ਜਿਹੀਆਂ ਉਡਾਰੀਆਂ ਮਾਰਨ ਲਈ। ਫਿਰ ਵੀ ਮੈਂ ਅਪਨੀ ਬੇਇਜ਼ਤੀ ਸਮਝੀ।

ਪਰ ਖੁਸ਼ ਸ਼ਹਿਜਾਦਾ ਬੜਾ ਉਦਾਸ ਸੀ ਅਤੇ ਛੋਟੇ ਸਵੈਲੋ ਨੇ ਅਫ਼ਸੋਸ ਨਾਲ ਕਿਹਾ ਕਿ "ਇਥੇ ਠੰਡ ਬਹੁਤ ਹੈ ਪ੍ਰੰਤੂ ਫਿਰ ਵੀ ਮੈਂ ਇਕ ਰਾਤ ਲਈ ਤੇਰਾ ਡਾਕੀਆ ਬਣਾਂਗਾ।"

**ਸ਼ਹਿਜਾਦਾ** - ਛੋਟੇ ਸਵੈਲੋ ਤੇਰਾ ਬਹੁਤ ਸ਼ੁਕਰੀਆ।

ਸੋ ਸਵੈਲੋ ਨੇ ਖੁਸ਼ ਸ਼ਹਿਜਾਦੇ ਦੀ ਤਲਵਾਰ ਵਿਚੋਂ ਰੂਬੀ ਪੁਟੀ ਅਤੇ ਆਪਨੀ ਚੁੰਝ ਵਿਚ ਪਾ ਕੇ ਸ਼ਹਿਰ ਦੀਆਂ ਛੱਤਾਂ ਉਪਰੋਂ ਉਡ ਪਿਆ। ਉਹ ਸ਼ਹਿਰ ਦੀ ਵੱਡੀ ਚਰਚ ਕੋਲੋਂ ਲੰਘਿਆ ਜਿਥੇ ਚਿੱਟੇ ਮਾਰਬਲ ਪੱਥਰ ਦੇ ਤਰਾਸ਼ੇ ਹੋਏ ਫਰਿਸ਼ਤਿਆਂ ਦੇ ਬੁੱਤ ਪਏ ਸਨ। ਉਹ ਮਹੱਲ ਕੋਲੋਂ ਵੀ ਲੰਘਿਆ ਅਤੇ ਉਸ ਨੇ ਡਾਨਸ ਦੀ ਆਵਾਜ਼ ਸੁਣੀ। ਇਕ ਖੂਬਸੂਰਤ ਲੜਕੀ ਆਪਣੇ ਮਸ਼ੂਕ ਨਾਲ ਬਾਹਰ ਨਿਕਲੀ ਅਤੇ ਬੋਲੀ, "ਅਕਾਸ਼ ਵਿਚ ਕਿੰਨੇ ਚੰਗੇ ਤਾਰੇ ਹਨ ਅਤੇ ਪਿਆਰ ਵਿਚ ਕਿੰਨੀ ਤਾਕਤ ਹੈ। ਮੈਨੂੰ ਉਮੀਦ ਹੈ ਕਿ ਮੇਰਾ ਡਰੈਸ ਸਟੇਟ ਦੇ ਡਾਨਸ ਮੁਕਾਬਲੇ ਤੱਕ ਤਿਆਰ ਹੋ ਜਾਵੇਗਾ। ਮੈਂ ਕਢਾਈ ਕੱਢਣ ਵਾਲੀ ਨੂੰ ਬੜੇ ਦਿਲਕਸ਼ ਫੁਲ ਕੱਢਣ

ਲਈ ਕਿਹਾ ਹੋਇਆ ਹੈ ਪਰ ਉਹ ਬੜੀ ਸੁਸਤ ਔਰਤ ਜਾਪਦੀ ਹੈ।"

ਫਿਰ ਛੋਟਾ ਸਵੈਲੋ ਦਰਿਆ ਉਪਰੋਂ ਵੀ ਲੰਘਿਆ ਅਤੇ ਉਸ ਨੇ ਲਾਲਟੈਨਾਂ ਜਹਾਜ਼ਾਂ ਦੇ ਡੰਡਿਆਂ ਨਾਲ ਬੱਝੀਆਂ ਦੇਖੀਆਂ। ਉਹਨੇ ਮੰਡੀ ਵਿਚ ਬੁੱਢੇ ਜੀਊਸ਼ ਵਪਾਰੀ ਇਕ ਦੂਜੇ ਨਾਲ ਸੌਦਾ ਕਰਦੇ ਦੇਖੇ ਅਤੇ ਉਹ ਤਾਂਬੇ ਦੀ ਤੱਕੜੀ ਨਾਲ ਪੈਸੇ ਤੋਲ ਰਹੇ ਸਨ। ਆਖਰਕਾਰ ਉਹ ਉਸ ਗਰੀਬ ਘਰ ਪਹੁੰਚ ਗਿਆ ਅਤੇ ਅੰਦਰ ਤੱਕਿਆ ਕਿ ਬੱਚਾ ਬੁਖਾਰ ਵਿਚ ਇਧਰ ਉਧਰ ਬਿਸਤਰੇ ਤੇ ਪਲਸੇਟੇ ਮਾਰ ਰਿਹਾ ਸੀ। ਅਤੇ ਮਾਂ ਸੌਂ ਗਈ ਸੀ ਕਿਉਂਕਿ ਉਹ ਬਹੁਤ ਥੱਕ ਗਈ ਸੀ। ਸਵੈਲੋ ਅੰਦਰ ਵੜਿਆ ਅਤੇ ਮਾਂ ਦੇ ਕੋਲ ਪਏ ਟੇਬਲ ਉਪਰ ਵੱਡੀ ਰੂਬੀ ਰੱਖ ਦਿੱਤੀ ਅਤੇ ਫਿਰ ਉਹ ਬੜੇ ਪਿਆਰ ਨਾਲ ਚੁਪ-ਚਾਪ ਬਿਸਤਰੇ ਦੇ ਆਲੇ-ਦੁਆਲੇ ਉਡਿਆ। ਬੱਚੇ ਦੇ ਮੱਥੇ ਨੂੰ ਪੱਖਾ ਆਪਨੇ ਖੰਭਾਂ ਨਾਲ ਝੱਲਦਾ ਰਿਹਾ। ਬੱਚਾ ਬੋਲਿਆ, "ਮੈਨੂੰ ਕਿੰਨੀ ਠੰਡ ਪੈ ਗਈ ਹੈ, ਮੈਂ ਜ਼ਰੂਰ ਠੀਕ ਹੋ ਰਿਹਾ ਹਾਂ" ਬੱਚੇ ਨੂੰ ਫਿਰ ਮਿਠੀ ਗੂੜੀ ਨੀਂਦਰ ਆ ਗਈ।

ਫਿਰ ਸਵੈਲੋ ਖੁਸ਼ ਸ਼ਹਿਜਾਦੇ ਕੋਲ ਉਡ ਕੇ ਵਾਪਸ ਆ ਗਿਆ ਅਤੇ ਸ਼ਹਿਜਾਦਾ ਨੂੰ ਸਵੈਲੋ ਨੇ ਦੱਸਿਆ ਕੇ ਕੀ ਉਹਨੇ ਕੀਤਾ ਹੈ, "ਬੜੇ ਅਚੰਭੇ ਦੀ ਗੱਲ ਹੈ ਕਿ ਅੱਜ ਉਹ ਨਿੱਘ ਮਹਿਸੂਸ ਕਰ ਰਿਹਾ ਹੈ ਭਾਵੇਂ ਬਹੁਤ ਠੰਡ ਹੈ"।

**ਸ਼ਹਿਜਾਦਾ** - ਕਿਉਂਕਿ ਤੂੰ ਇਕ ਚੰਗਾ ਕੰਮ ਕੀਤਾ ਹੈ।

ਛੋਟਾ ਸਵੈਲੋ ਸੋਚਣ ਲੱਗਾ ਅਤੇ ਫਿਰ ਸੌਂ ਗਿਆ ਕਿਉਂਕਿ ਸੋਚਣ ਨਾਲ ਹਮੇਸ਼ਾ ਉਹਨੂੰ ਨੀਂਦਰ ਆ ਜਾਂਦੀ ਸੀ।

ਜਦੋਂ ਦਿਨ ਚੜ੍ਹਿਆ ਸਵੈਲੋ ਉਡ ਕੇ ਦਰਿਆ ਵਿਚ ਨਹਾਉਣ ਚਲਾ ਗਿਆ। ਇਕ ਪ੍ਰੋਫੈਸਰ ਦਰਿਆ ਦੇ ਕੰਢੇ ਨਾਲ ਚੱਲਦੇ ਨੇ ਕਿਹਾ, "ਇਹ ਕੀ ਕੇ ਇੰਨੀ ਠੰਡ ਵਿਚ ਵੀ ਇਥੇ ਸਵੈਲੋ ਪੰਛੀ ਹੈ, ਬੜਾ ਅਜੀਬ ਕੌਤਕ ਹੈ ਅਤੇ ਉਹਨੇ ਇਸ ਬਾਰੇ ਇਕ ਲੰਬਾ ਪੱਤਰ ਲੋਕਲ ਪੇਪਰ ਨੂੰ ਲਿਖ ਮਾਰਿਆ।" ਕਈ ਪੜ੍ਹਨ ਵਾਲਿਆਂ ਨੇ ਆਪਨੇ ਖਿਆਲ ਜੁਆਬ ਵਿਚ ਪ੍ਰੋਫੈਸਰ ਨੂੰ ਭੇਜੇ।

**ਸਵੈਲੋ** - ਖੁਸ਼ ਸ਼ਹਿਜਾਦਾ, ਅੱਜ ਮੈਂ ਬਹੁਤ ਖੁਸ਼ ਹਾਂ ਅਤੇ ਰਾਤ ਨੂੰ ਮਿਸਰ ਨੂੰ ਚੱਲ ਪਵਾਂਗਾ। ਮਿਸਰ ਜਾਣ ਦੇ ਖਿਆਲ ਨਾਲ ਉਹ ਖੁਸ਼ੀ ਨਾਲ ਭਰ ਗਿਆ। ਜਾਣ ਤੋਂ ਪਹਿਲਾਂ ਸਵੈਲੋ ਨੇ ਸਾਰੇ ਪਬਲਿਕ ਪਾਰਖ ਦੇਖੇ ਅਤੇ ਬੜੀ ਦੇਰ ਤੱਕ ਵੱਡੀ ਚਰਚ ਦੀ ਗੁੰਬਦ ਉਪਰ ਬੈਠਾ ਰਿਹਾ। ਜਿਥੇ ਵੀ ਉਹ ਗਿਆ ਚਿੜੀਆਂ ਨੇ ਇਕ ਦੂਜੀ ਨੂੰ ਕਿਹਾ ਇਹ ਬੜਾ ਅਨੋਖਾ ਅਜਨਬੀ ਹੈ ਅਤੇ ਸਵੈਲੋ ਸੁਣ ਕੇ ਆਪਣੇ ਆਪ ਵਿਚ ਬਹੁਤ ਖੁਸ਼ ਹੋਇਆ। ਜਦੋਂ ਚੰਦਰਮਾ ਚੜ੍ਹਿਆ ਉਹ ਉਡ ਕੇ ਖੁਸ਼ ਸ਼ਹਿਜਾਦੇ ਕੋਲ ਗਿਆ, "ਕੀ ਸ਼ਹਿਜਾਦਾ ਤੈਨੂੰ ਮਿਸਰ ਵਿਚ ਕੋਈ ਕੰਮ ਹੈ ਤਾਂ ਦੱਸ ਮੈਂ ਹੁਣੇ ਜਾ ਰਿਹਾ ਹਾਂ।"

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਮੈਂ ਸ਼ਹਿਰ ਵਿਚ ਦੂਰ ਅੰਦਰ ਇਕ ਨੌਜਵਾਨ ਦੁਖੀ ਦੇਖ ਰਿਹਾ ਹਾਂ। ਉਹ ਟੇਬਲ ਉਪਰ ਕਾਗ਼ਜ਼ਾਂ ਨਾਲ ਆਪਣਾ ਸਿਰ ਢੱਕੀ ਬੈਠਾ ਹੈ। ਉਹਦੇ ਵਾਲ ਭੂਰੇ ਰੰਗ ਦੇ ਅਤੇ ਉਹਦੇ ਬੁਲ੍ਹ ਅਨਾਰ ਦੇ ਦਾਨਿਆਂ ਵਾਂਗੂੰ ਲਾਲ ਅਤੇ ਉਸਦੀਆਂ ਅੱਖਾਂ ਸੋਹਣੇ ਸੁਪਨਿਆਂ ਨਾਲ ਭਰੀਆਂ ਹਨ। ਉਹ ਇਕ ਡਰਾਮਾ ਜੋ ਇਕ ਡਾਇਰੈਕਟਰ ਨੂੰ ਪੇਸ਼ ਕਰਨਾ ਹੈ, ਸਮਾਪਤ ਕਰਨ ਵਿਚ ਰੁੱਝਾ ਹੈ ਪਰ ਅੰਤਾਂ ਦੀ ਠੰਡ ਹੋਣ ਕਰਕੇ ਹੋਰ ਲਿਖ ਨਹੀਂ ਸਕਦਾ ਹੈ। ਉਹਦੇ ਕੋਲ ਅੱਗ ਦੀ ਅੰਗੀਠੀ ਵੀ ਨਹੀਂ ਅਤੇ ਭੁੱਖ ਨਾਲ ਬੇਹੋਸ਼ ਹੋ ਗਿਆ ਹੈ।

**ਸਵੈਲੋ** - ਮੈਂ ਇਕ ਰਾਤ ਤੇਰੇ ਕੋਲ ਹੋਰ ਰੁਕਾਂਗਾ। ਸ਼ਹਿਜਾਦਾ ਮੇਰਾ ਵੀ ਦਿਲ ਚੰਗਾ ਹੈ, ਦਸ ਇਕ ਹੋਰ ਰੂਬੀ ਪੁਟ ਕੇ ਲੈ ਜਾਵਾਂ ਉਸ ਕੋਲ?

**ਸ਼ਹਿਜਾਦਾ** - ਅਫ਼ਸੋਸ ਮੇਰੇ ਕੋਲ ਹੋਰ ਰੂਬੀ ਨਹੀਂ ਹੈ। ਮੇਰੇ ਕੋਲ ਨੀਲਮ ਦੀਆਂ ਅੱਖਾਂ ਹੀ ਹਨ ਅਤੇ ਉਹ ਖਾਸ ਹੀਰਿਆਂ ਦੀਆਂ ਹਨ ਜਿਹੜੇ ਵੇਚ ਕੇ ਕੁਝ ਖਾਣ ਪੀਣ ਦਾ ਸਮਾਨ, ਕੁਝ ਲੱਕੜੀ ਲੈ ਆਵੇਗਾ ਅਤੇ ਡਰਾਮਾ ਪੂਰਾ ਲਿਖ ਦੇਵੇਗਾ।

**ਸਵੈਲੋ** - ਪਿਆਰੇ ਸ਼ਹਿਜਾਦੇ ਮੈਂ ਇਹ ਨਹੀਂ ਕਰ ਸਕਦਾ ਅਤੇ ਰੋਣ ਲੱਗ ਪਿਆ।

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਜਿਸ ਤਰ੍ਹਾਂ ਮੈਂ ਤੈਨੂੰ ਕਹਿੰਦਾ ਹਾਂ ਉਸੇ ਤਰ੍ਹਾਂ ਕਰ।

ਸੋ ਸਵੈਲੋ ਨੇ ਸ਼ਹਿਜਾਦੇ ਦੀ ਅੱਖ ਕੱਢੀ ਅਤੇ ਨੌਜਵਾਨ ਦੇ ਘਰ ਪਹੁੰਚ ਗਿਆ। ਛੱਤ ਵਿਚ ਇਕ ਛੋਟੀ ਮੋਰੀ ਸੀ ਜਿਦੇ ਵਿਚੋਂ ਸਵੈਲੋ ਅਸਾਨੀ ਨਾਲ ਅੰਦਰ ਥੱਲੇ ਵੱਲ ਉਤਰ ਗਿਆ। ਨੌਜਵਾਨ ਮੁੰਡਾ ਸਿਰ ਨੂੰ ਹੱਥਾਂ ਵਿਚ ਫੜੀ ਬੈਠਾ ਸੀ। ਸੋ ਉਸ ਨੇ ਸਵੈਲੋ ਦੀ ਉਡਾਣ ਦੀ ਖੜ ਖੜ ਅਵਾਜ਼ ਨਾ ਸੁਣੀ। ਪਰ ਥੋੜ੍ਹੀ ਦੇਰ ਬਾਅਦ ਉਹਨੇ ਇਕ ਸ਼ਾਨਦਾਰ ਰੇਅਰ ਹੀਰਾ ਟੇਬਲ ਉਪਰ ਪਿਆ ਦੇਖਿਆ।

ਦੂਸਰੇ ਦਿਨ ਸਵੈਲੋ ਬੰਦਰਗਾਹ ਵੱਲ ਨੂੰ ਪਹੁੰਚਿਆ। ਉਹ ਇਕ ਜਹਾਜ਼ ਦੇ ਡੰਡੇ ਤੇ ਬੈਠ ਗਿਆ। ਸਵੈਲੋ ਨੇ ਮਜ਼ਦੂਰ ਲੋਕਾਂ ਨੂੰ ਚੱਪੂ ਪੂਰੇ ਜ਼ੋਰ ਨਾਲ ਚਲਾਂਦਿਆਂ ਦੇਖਿਆ। ਸਵੈਲੋ ਨੇ ਚੀਕ ਕੇ ਬੋਲਿਆ ਮੈਂ ਮਿਸਰ ਜਾ ਰਿਹਾ ਹਾਂ ਪਰ ਕਿਸੇ ਨੇ ਉਹਨੂੰ ਨਹੀਂ ਸੁਣਿਆ। ਜਦੋਂ ਚੰਦਰਮਾ ਚੜ੍ਹਿਆ ਉਹ ਵਾਪਸ ਉਡ ਕੇ ਖੁਸ਼ ਸ਼ਹਿਜਾਦੇ ਕੋਲ ਆ ਗਿਆ।

**ਸਵੈਲੋ** - ਸ਼ਹਿਜਾਦੇ ! ਮੈਂ ਤੈਨੂੰ ਗੁਡ ਬਾਏ ਕਰਨ ਆਇਆ ਹਾਂ।

**ਸ਼ਹਿਜਾਦਾ** - ਸਵੈਲੋ, ਸਵੈਲੋ, ਛੋਟੇ ਸਵੈਲੋ ਕੀ ਤੂੰ ਮੇਰੇ ਕੋਲ ਇਕ ਰਾਤ ਹੋਰ ਨਹੀਂ ਠਹਿਰੇਗਾ?

**ਸਵੈਲੋ** - ਸਰਦੀ ਆ ਗਈ ਹੈ ਜਲਦੀ ਸਨ੍ਹੋ ਪੈਣੀ ਸ਼ੁਰੂ ਹੋ ਜਾਵੇਗੀ ਅਤੇ ਠੰਡ ਵੱਧ ਜਾਵੇਗੀ। ਮਿਸਰ ਅੱਜ ਕਲ੍ਹ ਗਰਮ ਹੈ ਅਤੇ ਹਰੇ ਪਾਮ ਦੇ ਦਰੱਖ਼ਤ ਮਜੇ ਨਾਲ ਖੜ੍ਹੇ ਹਨ, ਮਗਰਮੱਛ ਧੁਪ ਵਿਚ ਰੇਤ ਅਤੇ ਗਾਰੇ ਉਪਰ ਲੇਟੇ ਮਜੇ ਲੈ ਰਹੇ ਹਨ। ਮੇਰੇ ਸਾਥੀ ਬਾਲਬੈਕ ਮੰਦਰ ਵਿਚ ਆਲ੍ਹਣਾ ਬਣਾ ਰਹੇ ਹਨ, ਗੁਲਾਬੀ ਅਤੇ ਚਿੱਟੀਆਂ ਘੁਗੀਆਂ ਉਨ੍ਹਾਂ ਵੱਲ ਦੇਖ ਰਹੀਆਂ ਹਨ ਅਤੇ ਕਲੋਲ ਕਰ ਰਹੀਆਂ ਹਨ ਇਕ ਦੂਜੇ ਨਾਲ। ਪਿਆਰੇ ਸ਼ਹਿਜਾਦੇ ਹੁਣ ਮੈਨੂੰ ਜ਼ਰੂਰ ਛੱਡ ਕੇ ਜਾਣਾ ਚਾਹੀਦਾ ਹੈ ਪਰ ਮੈਂ ਤੈਨੂੰ ਕਦੇ ਨਹੀਂ ਭੁੱਲਾਂਗਾ ਅਤੇ ਅਗਲੀ ਬਹਾਰ ਰੁਤੇ ਮੈਂ ਤੇਰੇ ਲਈ ਦੋ ਸੁੰਦਰ ਰੂਬੀਆਂ ਅਤੇ ਦੋ ਮੋਤੀ ਅੱਤ ਨੀਲੇ ਨੀਲਮ ਨੀਲੇ ਸਮੁੰਦਰ ਦੇ ਪਾਣੀ ਨਾਲੋਂ ਵੀ ਨੀਲੇ ਲੈ ਕੇ ਆਵਾਂਗਾ। ਰੂਬੀਆ ਲਾਲ ਗੁਲਾਬ ਦੇ ਫੁੱਲਾਂ ਨਾਲੋਂ ਵੀ ਲਾਲ ਹੋਣਗੀਆਂ।

**ਖੁਸ਼ ਸ਼ਹਿਜਾਦਾ** - ਥੱਲੇ ਚੌਰਸ ਵਿਹੜੇ ਵਿਚ ਇਕ ਛੋਟੀ ਲੜਕੀ ਖੜੋਤੀ ਹੈ। ਉਹਦੇ ਕੋਲ੍ਹ ਮਾਚਸ ਦੀ ਡੱਬੀ ਚਿੱਕੜ ਵਿਚ ਡਿੱਗ ਗਈ ਹੈ

ਅਤੇ ਸਾਰੀਆਂ ਤੀਲੀਆਂ ਖਰਾਬ ਹੋ ਗਈਆਂ ਹਨ। ਉਸ ਦਾ ਬਾਪ ਉਸ ਨੂੰ ਖਾਲੀ ਹੱਥ ਘਰ ਗਈ ਨੂੰ ਮਾਰੇਗਾ ਅਤੇ ਉਹ ਰੋ ਰਹੀ ਹੈ। ਉਸਦੇ ਪੈਰ ਬਿਨਾਂ ਜ਼ੁਰਾਬਾਂ ਤੋਂ ਹਨ। ਅਤੇ ਪੈਰਾਂ ਵਿਚ ਜੁਤੀ ਵੀ ਨਹੀਂ ਹੈ ਨੰਗੇ ਹਨ ਅਤੇ ਉਹਦਾ ਛੋਟਾ ਜਿਹਾ ਸਿਰ ਵੀ ਨੰਗਾ ਹੈ। ਮੇਰੀ ਦੂਸਰੀ ਅੱਖ ਵੀ ਕੱਢ ਅਤੇ ਉਸ ਲੜਕੀ ਨੂੰ ਦੇ ਆ। ਉਹਦਾ ਬਾਪ ਫਿਰ ਉਸ ਨੂੰ ਨਹੀਂ ਮਾਰੇਗਾ।

**ਸਵੈਲੋ** - ਮੈਂ ਤੇਰੇ ਕੋਲ ਇਕ ਰਾਤ ਹੋਰ ਠਹਿਰਾਂਗਾ ਪਰ ਤੇਰੀ ਤੂਸਰੀ ਅੱਖ ਨਹੀਂ ਕੱਢਾਂਗਾ ਕਿਉਂਕਿ ਫਿਰ ਤੂੰ ਅੰਨ੍ਹਾ ਹੋ ਜਾਵੇਂਗਾ।

**ਸ਼ਹਿਜਾਦਾ** - ਸਵੈਲੋ, ਛੋਟੇ ਸਵੈਲੋ ਜਿਸ ਤਰ੍ਹਾਂ ਮੈਂ ਕਹਿੰਦਾ ਹਾਂ ਚੁੱਪ ਕਰਕੇ ਕਰ।

ਸੋ ਸਵੈਲੋ ਨੇ ਸ਼ਹਿਜਾਦੇ ਦੀ ਦੂਸਰੀ ਅੱਖ ਕੱਢੀ ਅਤੇ ਤਿਖਾ ਥਲੇ ਵੱਲ ਨੂੰ ਉਡਿਆ, ਉਹ ਛੋਟੀ ਲੜਕੀ ਦੇ ਕੋਲੋਂ ਲੰਘਿਆ ਅਤੇ ਹੀਰੇ ਨੂੰ ਲੜਕੀ ਦੀ ਤਲੀ ਤੇ ਰੱਖ ਦਿੱਤਾ। ਲੜਕੀ ਨੇ ਕਿਹਾ ਇਹ ਬੜਾ ਸੁੰਦਰ ਸ਼ੀਸ਼ਾ ਹੈ। ਖੁਸ਼ੀ ਨਾਲ ਘਰ ਹੱਸਦੀ ਹੀ ਦੌੜ ਕੇ ਗਈ। ਫਿਰ ਸਵੈਲੋ ਸ਼ਹਿਜਾਦੇ ਕੋਲ ਆ ਗਿਆ ਅਤੇ ਬੋਲਿਆ "ਤੂੰ ਹੁਣ ਅੰਧਾ ਹੋ ਗਿਆ ਹੈਂ ਮੈਂ ਤੇਰੇ ਕੋਲ ਹਮੇਸ਼ਾ ਰਵਾਂਗਾ।

**ਵਿਚਾਰਾ ਸ਼ਹਿਜਾਦਾ** - ਨਹੀਂ, ਛੋਟੇ ਸਵੈਲੋ ਤੂੰ ਮਿਸਰ ਜ਼ਰੂਰ ਜਾ।

**ਸਵੈਲੋ** - ਨਹੀਂ ਮੈਂ ਆਖਿਆ ਸੀ ਕਿ ਮੈਂ ਹਮੇਸ਼ਾ ਤੇਰੇ ਕੋਲ ਰਵਾਂਗਾ ਅਤੇ ਉਹ ਸ਼ਹਿਜਾਦੇ ਦੇ ਪੈਰਾਂ ਦੇ ਉਤੇ ਸੌਂ ਗਿਆ।

ਸਵੈਲੋ ਸਾਰਾ ਵਕਤ ਦੂਸਰੇ ਦਿਨ ਸ਼ਹਿਜਾਦੇ ਦੇ ਮੋਢੇ ਉਪਰ ਬੈਠਾ ਰਿਹਾ ਅਤੇ ਉਹ ਸ਼ਹਿਜਾਦੇ ਨੂੰ ਬੜੀਆਂ ਅਨੋਖੀਆਂ ਗੱਲਾਂ ਜੋ ਉਸ ਨੇ ਕਈ ਅਜੀਬ ਦੇਸ਼ਾਂ ਵਿਚ ਦੇਖੀਆਂ ਸਨ ਦੱਸਦਾ ਰਿਹਾ। ਕਿਸ ਤਰ੍ਹਾਂ ਉਹ ਦਰਿਆ ਨੀਲ ਦੇ ਕੰਢੇ ਇਕ ਲੰਬੀ ਕਤਾਰ ਬਣਾ ਕੇ ਬਗਲੇ ਸੁਨਿਹਰੀ ਮੱਛੀਆਂ ਚੁੰਝਾਂ ਨਾਲ ਪਕੜਨ ਲਈ ਖੜ੍ਹੇ ਰਹਿੰਦੇ ਅਤੇ ਮਿਸਰ ਦੇਸ਼ ਵਿਚ ਕਹਿੰਦੇ ਹਨ ਬੜੀ ਹੀ ਪੁਰਾਣੀ ਮਿਥ ਹੈ ਕਿ "ਆਦਮੀ ਦੇ ਸਿਰ ਪਰ ਸ਼ੇਰ ਦਾ ਧੜ" ਵਾਲਾ ਕੋਈ ਕਦੀ ਜੀਅ ਹੋਇਆ ਕਰਦਾ ਸੀ ਜੋ ਰੇਗਿਸਤਾਨ ਵਿਚ ਰਹਿੰਦਾ ਅਤੇ ਉਸ ਨੂੰ ਸਭ ਕੁਝ ਪਤਾ ਸੀ। ਵਪਾਰੀਆਂ ਬਾਰੇ, ਜੋ ਅਪਨੇ ਅਪਨੇ ਊਠਾਂ ਦੇ ਨਾਲ-ਨਾਲ ਹੌਲੀ ਚਲਦੇ ਰਹਿੰਦੇ ਸਨ ਹੱਥ ਵਿਚ ਐਮਬਰ ਰੰਗ ਦੀਆਂ ਮਾਲਾਂ ਲਈ, ਪਹਾੜਾਂ ਦੇ ਮਹਾਰਾਜਿਆਂ ਬਾਰੇ ਜੋ ਤਵੇ ਜਿੰਨੇ ਕਾਲੇ ਅਤੇ ਵੱਡੇ ਮਣਕਿਆਂ ਦੀ ਪੂਜਾ ਕਰਦੇ ਸਨ, ਹਰੇ ਰੰਗ ਦੇ ਸੱਪਾਂ ਬਾਰੇ ਜੋ ਪਾਮ ਦਰੱਖ਼ਤ ਉਪਰ ਸੌਂਦੇ ਹਨ ਅਤੇ ਜਿੰਨਾਂ ਨੂੰ ਪਾਦਰੀ ਸ਼ਹਿਦ ਦੇ ਵੀਹ ਕੇਕ ਖਾਣ ਨੂੰ ਦਿੰਦੇ ਸਨ ਅਤੇ ਬਹੁਤ ਛੋਟੇ ਜਾਨਵਰ ਜੋ ਵੱਡੀ ਲੇਕ ਵਿਚ ਪੱਤਿਆਂ ਉਪਰ ਬੈਠ ਕੇ ਘੁੰਮਦੇ ਸਨ ਅਤੇ ਹਮੇਸ਼ਾ ਤਿਤਲੀਆਂ ਨਾਲ ਲੜਾਈ ਵਿੱਢੀ ਰੱਖਦੇ।

**ਸ਼ਹਿਜਾਦਾ** - ਪਿਆਰੇ ਛੋਟੇ ਸਵੈਲੋ ਤੂੰ ਮੈਨੂੰ ਬੜੀਆਂ ਵੱਡੀਆਂ ਗੱਲਾਂ ਦੱਸਦਾ ਹੈ ਪਰ ਇਸ ਤੋਂ ਵੀ ਵੱਡੀ ਗੱਲ ਦੁਨੀਆਂ ਵਿਚ ਇਨਸਾਨੀ ਪੀੜਾ ਦੀ ਹੈ।

**ਸ਼ਹਿਜਾਦਾ** - ਪੀੜਾ ਨਾਲੋਂ ਕੋਈ ਵੱਡਾ ਰਹਿਸਅ ਨਹੀਂ ਹੈ। ਛੋਟੇ ਸਵੈਲੋ ਮੇਰੇ ਸ਼ਹਿਰ ਉਪਰ ਉਡ ਅਤੇ ਮੈਨੂੰ ਦਸ ਤੂੰ ਕੀ ਦੇਖ ਕਰ ਆਇਆ ਹੈ। ਸੋ ਸਵੈਲੋ ਸ਼ਹਿਰ ਉਪਰ ਉਡਿਆ ਅਤੇ ਉਸ ਨੇ ਅਮੀਰਾਂ ਨੂੰ ਅਪਨੇ ਸੋਹਣੇ ਘਰ ਦੀਆਂ ਖੁਸ਼ੀਆਂ ਮਨਾਂਦਿਆਂ ਤਕਿਆ ਜਦੋਂ ਕਿ ਮੰਗਤੇ ਉਹਨਾਂ ਦੇ ਦਰਾਂ ਤੇ ਖਲੋਤੇ ਦੇਖੇ। ਉਹ ਹਨੇਰੀਆਂ ਗਲੀਆਂ ਵਿਚ ਗਿਆ ਅਤੇ ਬੱਚਿਆਂ ਦੇ ਭੁੱਖ ਨਾਲ ਪੀਲੇ ਚਿਹਰੇ ਦੇਖੇ ਜੋ ਕਿ ਕਾਲੀਆਂ ਗਲੀਆਂ ਨੂੰ ਝਾਕ ਰਹੇ ਸਨ।

ਪੁਲਾਂ ਦੇ ਥੱਲੇ ਦੋ ਬੱਚੇ ਪਾਲੇ ਤੋਂ ਬਚਣ ਲਈ ਇਕ ਦੂਜੇ ਦੀਆਂ ਬਾਹਾਂ ਨਾਲ ਅਪਨੇ ਆਪ ਨੂੰ ਢੱਕੀ ਲੇਟੇ ਸਨ ਅਤੇ ਕਹਿ ਰਹੇ ਸਨ ਸਾਨੂੰ ਕਿੰਨੀ ਭੁੱਖ ਲੱਗੀ ਹੈ। ਚੌਂਕੀਦਾਰ ਉਚੀ ਆਵਾਜ਼ ਵਿਚ ਉਨ੍ਹਾਂ ਨੂੰ ਕਹਿ ਰਿਹਾ ਸੀ ਤੁਸੀਂ ਏਥੇ ਨਹੀਂ ਲੇਟ ਸਕਦੇ। ਉਹ ਵਿਚਾਰੇ ਬੇਬੱਸ ਹਾਲਤ ਬਾਰਸ਼ ਵਿਚ ਚਲੇ ਗਏ। ਸਵੈਲੋ ਨੇ ਇਹ ਸਭ ਕੁਝ ਸ਼ਹਿਜਾਦੇ ਨੂੰ ਆ ਕੇ ਦੱਸਿਆ।

**ਸ਼ਹਿਜਾਦਾ** - ਮੈਨੂੰ ਸੋਨੇ ਦੀਆਂ ਪਤੀਆਂ ਨਾਲ ਮੜਿਆ ਹੋਇਆ ਹੈ। ਤੂੰ ਦੋ ਪਤਰੇ ਲਾਹ ਕੇ ਉਨ੍ਹਾਂ ਨੂੰ ਦੇਹ ਆ। ਇਸ ਤਰ੍ਹਾਂ ਸਵੈਲੋ ਨੇ ਦੋ ਪਤਰਿਆਂ ਨੂੰ ਲਾਹ ਕੇ ਬੱਚਿਆਂ ਨੂੰ ਦਿੱਤੇ ਅਤੇ ਹੋਰ ਗਰੀਬਾਂ ਨੂੰ ਵੀ ਕਈ ਦਿਨ ਵੰਡਦਾ ਰਿਹਾ ਜਦੋਂ ਤੱਕ ਸ਼ਹਿਜਾਦੇ ਦਾ ਬੁੱਤ ਨੰਗਾ ਨਾ ਹੋਇਆ। ਭੁਖੇ ਬੱਚਿਆਂ ਨੇ ਰੋਟੀ ਖਰੀਦੀ ਅਤੇ ਖਾ ਕੇ ਹੱਸੇ। ਉਹ ਗਲੀ ਵਿਚ ਖੂਬ ਖੇਲੇ।

ਅਤੇ ਗਰੀਬਾਂ ਦੇ ਚਿਹਰਿਆਂ ਤੇ ਕੁਝ ਖੁਸ਼ੀ ਵਾਪਸ ਆਈ। ਹੁਣ ਸਿੱਕੇ ਦਾ ਬੁੱਤ ਭੱਦਾ ਤੇ ਝੜਿਆ ਜਿਹਾ ਲੱਗਣ ਲੱਗ ਪਿਆ। ਫਿਰ ਕੋਰਾ ਅਤੇ ਸਨ੍ਹੋ ਪੈਣ ਦੀ ਰੁੱਤ ਆ ਗਈ। ਗਲੀਆਂ ਚਾਂਦੀ ਦੀਆਂ ਜਿਸ ਤਰ੍ਹਾਂ ਬਣੀਆਂ ਹੋਣ ਬੜੀਆਂ ਚਮਕੀਲੀਆਂ ਅਤੇ ਲਿਸ਼ਕਦੀਆਂ। ਘਰਾਂ ਦੇ ਬਨ੍ਹੇਰਿਆਂ ਤੇ ਲੰਬੇ ਦਾਨੇਦਾਰ ਬਰਛਿਆਂ ਵਰਗੀਆਂ ਸਨ੍ਹੋ ਦੀਆਂ ਲੰਬੀਆਂ ਤਾਰਾਂ ਲਟਕਣ ਲੱਗ ਪਈਆਂ। ਹਰ ਕੋਈ ਚਿੱਟੀ ਫਰ ਪਹਿਨੀ ਲੱਗੇ ਏਤ ਛੋਟੇ ਬੱਚੇ ਲਾਲ ਸਿਤਾਰੇ ਜੜੀਆਂ ਟੋਪੀਆਂ ਪਾਈ ਸਨ੍ਹੋ ਉਪਰ ਸਕੇਟਿੰਗ ਕਰਦੇ।

ਵਿਚਾਰਾ ਛੋਟਾ ਸਵੈਲੋ ਠੰਡਾ-ਹੋਰ ਠੰਡਾ ਹੁੰਦਾ ਗਿਆ। ਪਰ ਉਹ ਸ਼ਹਿਜਾਦੇ ਨੂੰ ਇਕੱਲੇ ਛੱਡ ਕੇ ਨਾ ਗਿਆ ਕਿਉਂਕਿ ਉਹ ਸ਼ਹਿਜਾਦੇ ਨੂੰ ਬੜਾ ਪਿਆਰ ਕਰਦਾ ਸੀ। ਬੇਕਰੀ ਦੀ ਦੁਕਾਨ ਤੇ ਬਾਹਰ ਪਏ ਵੱਡੇ ਕਾਗ਼ਜ਼ ਬੇਕਰ ਦੀ ਅੱਖਾਂ ਤੋਂ ਬਚਾ ਕਿ ਚੁੱਕ ਕੇ ਅਪਨੇ ਆਲੇ-ਦੁਆਲੇ ਲਪੇਟਦਾ ਅਤੇ ਕਦੀ ਖੰਭ ਵੀ ਹਿਲਾਂਦਾ ਨਿੱਘਾ ਰਹਿਣ ਵਾਸਤੇ।

ਆਖਰ ਵਿਚ ਉਸ ਨੂੰ ਮਹਿਸੂਸ ਹੋਣ ਲੱਗਾ ਕਿ ਹੁਣ ਉਹ ਸੱਚੀ ਮਰਨ ਕਿਨਾਰੇ ਹੈ। ਉਸ ਵਿਚ ਬੜੀ ਥੋੜ੍ਹੀ ਤਾਕਤ ਰਹਿ ਗਈ ਸੀ। ਬੜੀ ਮੁਸ਼ਕਲ ਨਾਲ ਉਹ ਸ਼ਹਿਜਾਦੇ ਦੇ ਮੋਢਿਆਂ ਤੇ ਮਸਾਂ ਹੀ ਚੜ੍ਹਿਆ ਅਤੇ ਮੂੰਹ ਵਿਚ ਹੀ ਬੋਲ ਸਕਿਆ, "ਗੁਡ-ਬਾਏ, ਪਿਆਰੇ ਸ਼ਹਿਜਾਦੇ। ਕੀ ਤੂੰ ਮੈਨੂੰ ਆਪਨਾ ਹੱਥ ਚੁੰਮਣ ਦੇਵੇਂਗਾ?"

**ਸ਼ਹਿਜਾਦਾ** - ਮੈਨੂੰ ਖੁਸ਼ੀ ਹੈ ਕਿ ਹੁਣ ਮਿਸਰ ਜਾਣ ਵਾਸਤੇ ਮੰਨ ਗਿਆ ਹੈ। ਛੋਟੇ ਸਵੈਲੋ ਤੂੰ ਮੇਰੇ ਕੋਲ ਬਹੁਤ ਦੇਰ ਰੁਕਿਆ ਹੈ। ਮੈਂ ਤੈਨੂੰ ਪਿਆਰ ਕਰਦਾ ਹਾਂ, ਇਸ ਕਰਕੇ ਤੂੰ ਮੇਰੇ ਬੁਲ੍ਹਾਂ ਨੂੰ ਚੁੰਮ ਲੈ।

**ਸਵੈਲੋ** - "ਮੈਂ ਮਿਸਰ ਨੂੰ ਨਹੀਂ ਜਾ ਰਿਹਾ। ਮੈਂ ਤਾਂ ਮੌਤ ਦੇ ਘਰ ਜਾ ਰਿਹਾ ਹਾਂ। ਮੌਤ ਨੀਂਦਰ ਦੀ ਭੈਣ ਹੀ ਤੇ ਹੈ?" ਫਿਰ ਉਸ ਨੇ ਸ਼ਹਿਜਾਦੇ ਨੂੰ ਬੁਲ੍ਹਾਂ ਤੇ ਚੁੰਮਨ ਦਿੱਤਾ। ਉਸੇ ਵਕਤ ਮਰ ਗਿਆ ਅਤੇ ਥੱਲੇ ਸ਼ਹਿਜਾਦੇ ਪੈਰਾਂ ਵਿਚ ਧੜੱਮ ਕਰਦਾ ਡਿੱਗਾ।

ਉਸ ਵੇਲੇ ਬੁੱਤ ਵਿਚੋਂ ਕੋਈ ਚੀਜ਼ ਦੇ ਟੁੱਟਣ ਦੀ ਅਜੀਬ ਆਵਾਜ਼ ਆਈ। ਅਸਲ ਵਿਚ ਸਿੱਕੇ ਦੇ ਦਿਲ ਦੇ ਟੋਟਿਆਂ ਵਿਚ ਹੋ ਗਿਆ ਸੀ। ਅਗਲੇ ਸਵੇਰੇ ਸ਼ਹਿਰ ਦਾ ਮੇਅਰ ਅਤੇ ਦੋ ਕੌਂਸਲਰ ਸੈਰ ਕਰਦੇ ਕਰਦੇ ਸ਼ਹਿਰ ਦੀ ਉਸ ਉਚੀ ਜਗ੍ਹਾ ਜਿਥੇ ਬੁੱਤ ਲਾਠ ਦੇ ਉਪਰ ਰੱਖਿਆ ਹੋਇਆ ਸੀ ਵੱਲ ਆ ਪਹੁੰਚੇ। ਜਿਉਂ ਹੀ ਉਹਨਾਂ ਨੇ ਉਤਾਂਹ ਬੁੱਤ ਵੱਲ ਨਜ਼ਰ ਉਠਾ ਕੇ ਦੇਖਿਆ, ਮੇਅਰ ਬੋਲਿਆ, "ਓਹ! ਖੁਸ਼ ਸ਼ਹਿਜਾਦਾ ਕਿੰਨਾਂ ਭੱਧਾ ਅਤੇ ਝੜਿਆ ਹੋਇਆ ਲੱਗ ਰਿਹਾ ਹੈ।"

ਸ਼ਹਿਰ ਦੇ ਕੌਂਸਲਰ ਬੋਲੇ, "ਜੀ ਹਾਂ ਵਾਕਿਆ ਹੀ।" ਉਹ ਹਮੇਸ਼ਾ ਮੇਅਰ ਦੀ ਹਾਂ ਵਿਚ ਹਾਂ ਮਿਲਾਂਦੇ ਹੁੰਦੇ।

ਮੇਅਰ ਬੋਲਿਆ, "ਰੂਬੀ ਸ਼ਹਿਜਾਦੇ ਦੀ ਹੱਥ ਵਿਚ ਫੜੀ ਤਲਵਾਰ ਵਿਚੋਂ ਰੂਬੀ ਕਿਧਰੇ ਡਿੱਗ ਚੁੱਕੀ ਹੈ, ਉਹਦੀਆਂ ਅੱਖਾਂ ਵੀ ਖਤਮ ਹੋ ਗਈਆਂ ਹਨ ਅਤੇ ਨਾ ਹੀ ਉਹ ਹੁਣ ਸੁਨਿਹਰੀ ਰਿਹਾ ਹੈ। ਦਰਅਸਲ ਹੁਣ ਉਹ ਭਿਖਾਰੀ ਦੀ ਤਰ੍ਹਾਂ ਲੱਗ ਰਿਹਾ ਹੈ। ਲਉ ਦੇਖੋ, ਇਕ ਪੰਛੀ ਵੀ ਮਰਿਆ ਉਹਦੇ ਪੈਰਾਂ ਵਿਚ ਪਿਆ ਹੈ।"

ਕੌਂਸਲਰ ਬੋਲੇ, "ਹਾਂ ਜੀ, ਖੁਸ਼ ਸ਼ਹਿਜਾਦਾ ਵਾਕਿਆ ਹੀ ਭਿਖਾਰੀ ਦੀ ਤਰ੍ਹਾਂ ਲੱਗ ਰਿਹਾ ਹੈ।"

"ਸਾਨੂੰ ਇਕ ਹੁਕਮ ਕੱਢ ਦੇਣਾ ਚਾਹੀਦਾ ਹੈ ਕਿ ਇਥੇ ਕਿਸੇ ਪੰਛੀ ਨੂੰ ਮਰਨਾ ਮਨ੍ਹਾਂ ਹੈ।" ਸਾਰਿਆਂ ਨੇ ਇਹੋ ਹੀ ਕਿਹਾ। ਸ਼ਹਿਰ ਦੇ ਸਟੈਨੋ ਨੇ ਨੋਟ ਕਰ ਲਿਆ।

ਸੋ ਉਨ੍ਹਾਂ ਦੇ ਹੁਕਮ ਕਰਨ ਤੇ ਮਜ਼ਦੂਰਾਂ ਨੇ ਖੁਸ਼ ਸ਼ਹਿਜਾਦਾ ਦਾ ਬੁੱਤ ਲਾਠ ਦੇ ਉਪਰੋਂ ਥੱਲੇ ਗਿਰਾ ਦਿੱਤਾ। ਯੂਨੀਵਰਸਿਟੀ ਦੇ ਆਰਟ ਪ੍ਰੋਫੈਸਰ ਨੇ ਵੀ ਇਕ ਅਖ਼ਬਾਰ ਵਿਚ ਲਿਖਿਆ ਤੇ ਬੁੱਤ ਸੁੰਦਰ ਨਹੀਂ ਸੀ ਰਿਹਾ ਅਤੇ ਨਾ ਉਸ ਦਾ ਕੋਈ ਲਾਭ ਸੀ ਉਥੇ ਰੱਖਣ ਵਿਚ।

ਉਨ੍ਹਾਂ ਨੇ ਬੁੱਤ ਨੂੰ ਸ਼ਹਿਰ ਦੀ ਭੱਠੀ ਵਿਚ ਪਿਘਲਾ ਦਿੱਤਾ ਅਤੇ ਸ਼ਹਿਰ ਦੇ ਮੇਅਰ ਨੇ ਕਮੇਟੀ ਦੀ ਮੀਟਿੰਗ ਬੁਲਾਈ ਕਿ ਪਿਘਲੇ ਹੋਏ ਸਿੱਕੇ ਦਾ ਕੀ ਕੀਤਾ ਜਾਵੇ ਅਤੇ ਨਾਲ ਹੀ ਇਹ ਵੀ ਕਿਹਾ ਕਿ ਇਕ ਹੋਰ ਬੁੱਤ ਬਨਾਉਣਾ ਚਾਹੀਦਾ ਹੈ ਅਤੇ ਇਹ ਮੇਰਾ ਹੋਣਾ ਚਾਹੀਦਾ ਹੈ। ਇਹ ਸੁਣ ਕੇ ਦੋਵੇਂ ਕੌਂਸਲਰ ਆਪਸ ਵਿਚ ਲੜ ਪਏ ਅਤੇ ਸ਼ਹਿਜਾਦੇ ਨੂੰ ਉਨ੍ਹਾਂ ਦੀ ਕੜਵੀ ਲੜਾਈ ਚੰਗੀ ਨਾ ਲੱਗੀ ਅਤੇ ਜਦੋਂ ਸ਼ਹਿਜਾਦੇ ਨੇ ਸੁਨਣਾ ਬੰਦ ਕੀਤਾ ਤਾਂ ਉਹ ਅਜੇ ਵੀ ਲੜ ਰਹੇ ਸਨ। ਉਵਰਸੀਅਰ ਨੇ ਆ ਕੇ ਦੱਸਿਆ, "ਬੜੀ ਅਜੀਬ ਗੱਲ ਹੈ! ਸਿੱਕੇ ਦਾ ਦਿਲ ਜਿਸਦੇ ਦੋ ਟੋਟੇ ਹੋ ਗਏ ਸਨ ਪਿਘਲਿਆ ਨਹੀਂ ਹੈ, ਸਾਨੂੰ ਇਸ ਨੂੰ ਰੂੜੀ ਦੇ ਉਸ ਢੇਰ ਤੇ ਸੁੱਟ ਦੇਣਾ ਚਾਹੀਦਾ ਹੈ ਜਿਥੇ ਮਰਿਆ ਹੋਇਆ ਸਵੈਲੋ ਸੁੱਟਿਆ ਸੀ।" ਸੋ ਉਹਨਾਂ ਨੇ ਇਸ ਤਰ੍ਹਾਂ ਹੀ ਕੀਤਾ।

ਰੱਬ ਨੇ ਅਪਨੇ ਇਕ ਫਰਿਸ਼ਤੇ ਨੂੰ ਕਿਹਾ ਕਿ ਦੋ ਬਹੁਤ ਕੀਮਤੀ ਚੀਜ਼ਾਂ ਉਸ ਸ਼ਹਿਰ ਦੀਆਂ ਲਿਆ ਕੇ ਮੈਨੂੰ ਦਿਉ ਅਤੇ ਫਰਿਸ਼ਤੇ ਨੇ ਸਿੱਕੇ ਦੇ ਟੋਟੇ ਹੋਇਆ ਦਿਲ ਅਤੇ ਮਰਿਆ ਪੰਛੀ ਜੋ ਕਿ ਰੂੜੀ ਦੇ ਢੇਰ ਤੇ ਪਏ ਸਨ ਲਿਆ ਕੇ ਰੱਬ ਨੂੰ ਦਿੱਤੇ।

ਰੱਬ ਨੇ ਕਿਹਾ ਤੁਹਾਡੀ ਚੋਣ ਬਿਲਕੁਲ ਠੀਕ ਹੈ ਕਿਉਂਕਿ ਇਹ ਛੋਟਾ ਪੰਛੀ ਮੇਰੇ ਬਾਗ ਵਿਚ ਹਮੇਸ਼ਾ ਮਸਤੀ ਵਿਚ ਗਾਂਦਾ ਰਵੇਗਾ ਅਤੇ ਨਾਲ ਹੀ ਮੇਰੇ ਗੋਲਡਨ ਸ਼ਹਿਰ ਹੈ ਜਿਸ ਵਿਚ ਖੁਸ਼ ਸ਼ਹਿਜਾਦਾ ਮੇਰੀ ਸਿਫਤ ਕਰਿਆ ਕਰੇਗਾ।

● ● ●

# ਗੰਭੀਰ ਸਮੱਸਿਆ ਬਣ ਰਿਹਾ ਹੈ - ਮੋਬਾਇਲ

ਮਾਤਾ ਪਿਤਾ ਵਿਚ ਦਰਾੜ ਪੈਦਾ ਕਰ ਰਿਹਾ ਹੈ ਮੋਬਾਇਲ। ਮੋਬਾਇਲ ਦੀ ਲਤ ਇਸ ਕਦਰ ਭਾਰੀ ਹੋ ਗਈ ਹੈ ਕਿ ਬੱਚਿਆਂ ਕੋਲੋਂ ਮੋਬਾਇਲ ਖੋਹਣ 'ਤੇ ਆਤਮ ਹੱਤਿਆ ਦੀ ਧਮਕੀ ਮਿਲ ਰਹੀ ਹੈ। ਏਨਾ ਹੀ ਨਹੀਂ ਮਾਤਾ-ਪਿਤਾ 'ਤੇ ਸ਼ੋਸ਼ਣ ਦਾ ਇਲਜ਼ਾਮ ਲਗਾ ਕੇ ਅਦਾਲਤ ਵਿਚ ਖੜ੍ਹੇ ਕਰਕੇ ਸਜ਼ਾ ਦਿਵਾਉਣ ਤੱਕ ਨੌਬਤ ਆ ਗਈ ਹੈ। ਪੂਰੇ ਦੇਸ਼ ਵਿਚ ਇਹ ਸਮੱਸਿਆ ਇਕ ਭਿਆਨਕ ਬਿਮਾਰੀ ਵਾਂਗ ਫੈਲ ਚੁੱਕੀ ਹੈ। ਹਰ ਮਹੀਨੇ 10 ਤੋਂ 12 ਕੇਸ ਇਸ ਤਰ੍ਹਾਂ ਦੇ ਸਾਹਮਣੇ ਆ ਰਹੇ ਹਨ ਜਿਨ੍ਹਾਂ ਦੀ ਉਮਰ 14 ਸਾਲ ਤੋਂ ਘੱਟ ਹੈ ਉਨ੍ਹਾਂ ਕੋਲ ਮੋਬਾਇਲ ਦੀ ਲਤ ਇਸ ਤਰ੍ਹਾਂ ਹੈ ਜਿਵੇਂ ਨਸ਼ੇ ਦੀ ਲਤ ਲੱਗੀ ਹੋਵੇ। ਮੋਬਾਇਲ ਖੋਹਣ 'ਤੇ ਬੱਚੇ ਹਿੰਸਕ ਹੋ ਜਾਂਦੇ ਹਨ। ਕਈ ਮਾਮਲੇ ਐਸੇ ਸਾਹਮਣੇ ਆਏ ਹਨ ਕਿ ਬੱਚਿਆਂ ਨੇ ਆਪਣੇ ਮਾਤਾ-ਪਿਤਾ ਦੀ ਝੂਠੀ ਸ਼ਿਕਾਇਤ ਦਰਜ ਕਰਵਾਈ ਹੈ।

(1) ਪਿਤਾ 'ਤੇ ਸੋਸ਼ਣ ਦਾ ਇਲਜ਼ਾਮ।

(2) ਸਕੀ ਮਾਂ ਨੂੰ ਮਾਸੀ ਦੱਸ ਕੇ ਮਾਰ-ਪੀਟ ਦੀ ਸ਼ਿਕਾਇਤ।

(3) ਘਰ ਦਾ ਮਾਹੌਲ ਠੀਕ ਨਹੀਂ ਹੈ ਮੈਨੂੰ ਸੁਧਾਰ ਘਰ ਭੇਜ ਦਿਉ।

ਜਿਹੜੇ ਬੱਚਿਆਂ ਨੂੰ ਮੋਬਾਇਲ ਦੀ ਲਤ ਲੱਗ ਗਈ ਹੈ ਉਹ ਕਿਸੇ ਕਿਸਮ ਦੇ ਰਿਸ਼ਤੇ ਨੂੰ ਵੀ ਪਸੰਦ ਨਹੀਂ ਕਰਦੇ। ਮਾਪਿਆਂ ਨੂੰ ਬੱਚਿਆਂ ਨੂੰ ਸਮਾਂ ਦੇਣਾ ਚਾਹੀਦਾ ਹੈ ਅਤੇ ਆਪ ਵੀ ਇਸ ਦਲਦਲ ਵਿਚ ਖੁੱਭਣ ਤੋਂ ਬਚਣਾ ਚਾਹੀਦਾ ਹੈ।

**- ਭਵਨਦੀਪ ਸਿੰਘ**

# ਜੀਵਨ ਤੇ ਅਨੁਸ਼ਾਸ਼ਨ



ਅਨੁਸ਼ਾਸ਼ਨ ਹਰ ਸਭਿਅਕ ਸਮਾਜ ਦੀ ਨੀਂਹ ਹੁੰਦਾ ਹੈ। ਕੁਦਰਤ ਵੀ ਅਨੁਸ਼ਾਸ਼ਨ ਵਿਚ ਬੱਝੀ ਹੋਈ ਹੈ। ਧਰਤੀ, ਪਾਣੀ, ਹਵਾ, ਰੁੱਤਾਂ, ਦਿਨ-ਰਾਤ, ਸੂਰਜ, ਚੰਨ, ਤਾਰੇ ਸਭ ਅਨੁਸ਼ਾਸ਼ਨ ਵਿਚ ਬੱਝੇ ਹੋਏ ਹਨ। ਅਨੁਸ਼ਾਸ਼ਨ ਮਨੁੱਖੀ ਜੀਵਨ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਜੀਵਨ ਨੂੰ ਸਹੀ ਸੇਧ ਦਿੰਦਾ ਹੈ ਤੇ ਜੀਵਨ ਤੇ ਨਿਯੰਤਰਣ ਰੱਖਦਾ ਹੈ। ਇਹ ਮਨੁੱਖੀ ਚਰਿੱਤਰ ਦੀ ਰੀੜ ਦੀ ਹੱਡੀ ਕਹਿ ਲਿਆ ਜਾਏ ਤਾਂ ਅਤਿਕਥਨੀ ਨਹੀਂ ਹੋਵੇਗੀ। ਅਨੁਸ਼ਾਸ਼ਨ ਤੋਂ ਬਿਨਾਂ ਜ਼ਿੰਦਗੀ ਅਰਥਹੀਨ ਤੇ ਨੀਰਸ ਹੁੰਦੀ ਹੈ। ਅਨੁਸ਼ਾਸ਼ਨ ਤੋਂ ਭਾਵ ਕੁਝ ਵਿਸ਼ੇਸ਼ ਨਿਯਮਾਂ ਦੀ ਪਾਲਣਾ ਕਰਦੇ ਹੋਏ ਕਾਰਜਾਂ ਨੂੰ ਪੂਰਾ ਕਰਨਾ ਹੁੰਦਾ ਹੈ। ਅਨੁਸ਼ਾਸ਼ਨ ਕਰਤੱਵਾਂ ਦੀ ਪਾਲਣਾ, ਜ਼ਿੰਮੇਵਾਰੀ ਦੀ ਭਾਵਨਾ, ਆਪਣੇ ਹਿੱਤਾਂ ਦੀ ਰਾਖੀ ਕਰਨਾ ਅਤੇ ਦੂਜਿਆਂ ਲਈ ਜੀਵਨ ਸੁਖਾਲਾ ਕਰਨ ਦੀ ਯੋਗਤਾ ਪ੍ਰਦਾਨ ਕਰਦਾ ਹੈ। ਅਨੁਸ਼ਾਸ਼ਨ ਹਰ ਸਭਿਅਕ ਸਮਾਜ ਦੀ ਨੀਂਹ ਹੁੰਦਾ ਹੈ। ਅਨੁਸ਼ਾਸ਼ਨ ਅਨੁਸਾਸ਼ਨ ਦਾ ਮਤਲਬ ਹੈ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕਰਨਾ। ਜੇਕਰ ਸਾਡੇ ਆਲੇ-ਦੁਆਲੇ ਨਿਯਮ ਅਤੇ ਕਾਨੂੰਨ ਨਾ ਹੋਣ ਤਾਂ ਸਾਡੇ ਲਈ ਜਿਉਣਾ ਅਸੰਭਵ ਹੋ ਜਾਵੇਗਾ। ਅਨੁਸ਼ਾਸ਼ਨ ਸਾਡੇ ਜੀਵਨ ਨੂੰ ਕਾਬੂ ਰੱਖਦਾ ਅਤੇ ਇਸ ਵਿਚ ਮਿਠਾਸ ਭਰ ਕੇ ਚੰਗਾ ਉਸਾਰੂ ਜੀਵਨ ਜਿਉਣ ਵਿਚ ਸਹਾਈ ਹੁੰਦਾ ਹੈ। ਅਨੁਸ਼ਾਸ਼ਨ ਦੀ ਜਿੰਨੀ ਲੋੜ ਇਕ ਵਿਅਕਤੀ ਨੂੰ ਹੁੰਦੀ ਹੈ ਓਨੀ ਹੀ ਲੋੜ ਇਕ ਸੰਗਠਨ ਨੂੰ ਵੀ ਹੁੰਦੀ ਹੈ। ਅਨੁਸਾਸ਼ਿਤ ਕੌਮ ਉੱਨਤੀ ਦੀਆਂ ਸਿਖ਼ਰਾਂ ਨੂੰ ਛੂੰਹਦੀ ਹੈ ਪਰ ਅਨੁਸ਼ਾਸ਼ਨਹੀਣਤਾ ਦੀ ਸਥਿਤੀ ਵਿਚ ਉਹ ਗਿਰਾਵਟ ਤੇ ਗੁਲਾਮੀ ਦਾ ਸ਼ਿਕਾਰ ਹੋ ਸਕਦੀ ਹੈ। ਇਹ ਇਕ ਅਜਿਹਾ ਕੀਮਤੀ ਖਜ਼ਾਨਾ ਹੈ, ਜਿਸ ਦੀ ਸੰਭਾਲ ਕਰਕੇ ਅਸੀਂ ਸੁਖ-ਅਰਾਮ, ਖੁਸ਼ਹਾਲੀ ਤੇ ਸਨਮਾਨ ਪ੍ਰਾਪਤ ਕਰਦੇ ਹਾਂ।

ਅਨੁਸ਼ਾਸ਼ਨ ਦੀ ਡੋਰ ਸਹਾਰੇ ਸਫਲਤਾ ਦੀਆਂ ਪੌੜੀਆਂ ਨੂੰ ਸਹਿਜੇ ਹੀ ਚੜ੍ਹਿਆ ਜਾ ਸਕਦਾ ਹੈ। ਜੀਵਨ ਵਿਚ ਅਨੁਸ਼ਾਸ਼ਨ ਦਾ ਬਹੁਤ ਮਹੱਤਵ ਹੈ। ਅਨੁਸ਼ਾਸ਼ਨ ਦਾ ਅਰਥ ਇਕ ਨਿਰਧਾਰਤ ਨਿਯਮ ਅਤੇ ਕਾਇਦੇ ਦੇ ਦਾਇਰੇ ਵਿਚ ਰਹਿ ਕੇ ਕੰਮ ਕਰਨਾ ਹੁੰਦਾ ਹੈ। ਅਨੁਸ਼ਾਸ਼ਨ ਹੀ ਸਫਲਤਾ ਦਾ ਧੁਰ ਹੈ, ਇਹੀ ਨੀਂਹ ਦੀ ਉਹ ਇੱਟ ਹੈ, ਜਿਸ ਦੇ ਸਹਾਰੇ ਸਫਲਤਾ ਦਾ ਵਿਸ਼ਾਲ ਭਵਨ ਖੜ੍ਹਾ ਕੀਤਾ ਜਾ ਸਕਦਾ ਹੈ। ਕੁਦਰਤ ਅਨੁਸ਼ਾਸ਼ਨ ਦੀ ਸਭ ਤੋਂ ਵੱਡੀ ਮਿਸਾਲ ਹੈ ਅਤੇ ਸਾਨੂੰ ਹਰ ਪਲ ਅਨੁਸ਼ਾਸ਼ਨ ਦਾ ਸਬਕ ਦਿੰਦੀ ਹੈ। ਉੱਚੇ ਪਹਾੜ, ਵਰਦੀਆਂ ਨਦੀਆਂ, ਪੌਣ ਪਾਣੀ, ਸਭ ਸਾਨੂੰ ਅਨੁਸ਼ਾਸ਼ਨ ਦਾ ਪਾਠ ਪੜ੍ਹਾਉਂਦੇ ਹਨ। ਬਚਪਨ ਤੋਂ ਲੈ ਕੇ ਜਵਾਨੀ ਦੀ ਦਹਿਲੀਜ ਤੋਂ ਗੁਜ਼ਰਦਾ ਹੋਇਆ ਬੁਢਾਪੇ ਤੱਕ ਅਨੁਸ਼ਾਸ਼ਨ ਜ਼ਿੰਦਗੀ ਦੇ ਹਰ ਪੜਾਅ ਤੇ ਮੌਜੂਦਾ ਰਹਿੰਦਾ ਹੈ। ਹਰ ਇਕ ਵਿਅਕਤੀ ਦੇ ਜੀਵਨ ਵਿਚ ਅਨੁਸ਼ਾਸ਼ਨ ਦੀ ਬੜੀ ਮਹੱਤਤਾ ਹੈ। ਜੇਕਰ ਵਿਦਿਆਰਥੀ ਜੀਵਨ ਵਿਚ ਅਨੁਸ਼ਾਸ਼ਨ ਦੀ ਗੱਲ ਕਰੀਏ ਤਾਂ ਵਿਦਿਆਰਥੀ ਦਾ ਸਮੇਂ ਸਿਰ ਉੱਠਣਾ, ਸਮੇਂ ਸਿਰ ਖਾਣਾ ਪੀਣਾ, ਸਮੇਂ ਸਿਰ ਖੇਡਣਾ, ਸਮੇਂ ਸਿਰ ਪੜ੍ਹਾਈ ਕਰਨਾ, ਅਧਿਆਪਕਾਂ ਦਾ ਸਤਿਕਾਰ ਕਰਨਾ, ਇਮਾਨਦਾਰੀ ਰੱਖਣਾ, ਸੱਚ ਬੋਲਣਾ ਆਦਿ ਚੰਗੇ ਅਨੁਸ਼ਾਸ਼ਨ ਦੀ ਹੀ ਦੇਣ ਹੁੰਦਾ ਹੈ।

ਇਹ ਅਫ਼ਸੋਸ ਦੀ ਗੱਲ ਹੈ ਕਿ ਨਵੀਂ ਪੀੜ੍ਹੀ ਅਨੁਸ਼ਾਸ਼ਨ ਨੂੰ ਆਪਣੀ ਸੁਤੰਤਰਤਾ ਵਿਚ ਰੁਕਾਵਟ ਸਮਝਦੀ ਹੈ। ਨੌਜਵਾਨ ਹਰ ਵਾਰ ਆਪਣੇ ਘਰ, ਸਕੂਲ, ਕਾਲਜ ਅਤੇ ਸਮਾਜ ਦੇ ਨਿਯਮ ਤੋੜਨ ਵਿਚ ਆਪਣਾ ਵੱਡਾਪਣ ਸਮਝਦੇ ਹਨ। ਪ੍ਰੰਤੂ ਇਸ ਦੇ ਨਤੀਜੇ ਬੁਰੇ ਹੀ ਨਿਕਲਦੇ ਹਨ। ਕੋਈ ਵੀ ਸੰਸਥਾ ਜਾਂ ਟੀਮ ਮੁਕਾਬਲੇ ਵਿਚ ਤਾਂ ਹੀ ਜਿੱਤ ਪ੍ਰਾਪਤ ਕਰ ਸਕਦੀ ਹੈ ਜੇਕਰ ਉਸ ਦੇ ਮੈਂਬਰ ਜਾਂ ਕਰਮਚਾਰੀ ਅਨੁਸ਼ਾਸ਼ਨ ਦੇ ਦਾਇਰੇ ਵਿਚ ਰਹਿ ਕੇ ਕੰਮ ਕਰਨ। ਸਿੱਖਣ ਦੀ ਪ੍ਰਕ੍ਰਿਆ ਤਾਂ ਹੀ ਸਫਲ ਹੋਵੇਗੀ ਜੇਕਰ ਕਲਾਸ ਵਿਚ ਅਨੁਸ਼ਾਸ਼ਨ ਹੋਵੇਗਾ। ਘਰ ਵਿਚ ਮਾਤਾ-ਪਿਤਾ ਵੱਲੋਂ ਬੱਚੇ ਨੂੰ ਬਚਪਨ ਤੋਂ ਹੀ ਪਿਆਰ ਦੇ ਨਾਲ-ਨਾਲ ਚੰਗੇ ਸੰਸਕਾਰ ਵੀ ਦੇਣੇ ਚਾਹੀਦੇ ਹਨ। ਇਸ ਤਰ੍ਹਾਂ ਅਧਿਆਪਕਾਂ ਦਾ ਫਰਜ਼ ਬਣਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਅਨੁਸ਼ਾਸ਼ਨ ਦੀ ਸਿੱਖਿਆ ਦੇਣ ਤਾਂ ਜੋ ਉਹ ਚੰਗੇ ਨਾਗਰਿਕ ਬਣ ਸਕਣ।

**ਸੁਰਿੰਦਰ ਸਿੰਘ ਰੁਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸੰਪਾਦਕ**
**98141-28181**



ਅਨੁਸ਼ਾਸ਼ਨ ਦਾ ਅੰਤਿਮ ਰੂਪ ਸਵੈ ਅਨੁਸ਼ਾਸ਼ਨ ਹੈ। ਜ਼ਿੰਮੇਵਾਰੀ ਦੀ ਭਾਵਨਾ ਰੱਖਣਾ ਸਵੈ-ਅਨੁਸ਼ਾਸ਼ਨ ਸ਼ਖ਼ਸ਼ੀਅਤ ਦੇ ਵਿਕਾਸ ਦਾ ਮੁੱਢਲਾ ਰਾਹ ਹੈ। ਇਸ ਤੋਂ ਬਿਨਾਂ ਮਨੁੱਖੀ ਜੀਵਨ ਉਸ ਬੇੜੀ ਵਰਗਾ ਹੈ ਜਿਸ ਦਾ ਮਲਾਰ ਨਾ ਹੋਵੇ, ਇਕ ਅਨੁਸ਼ਾਸ਼ਨਹੀਣ ਵਿਅਕਤੀ ਕਦੇ ਵੀ ਆਪਣੇ



ਜੀਵਨ ਵਿਚ ਕਾਮਯਾਬੀ ਪ੍ਰਾਪਤ ਨਹੀਂ ਕਰ ਸਕਦਾ ਸਿਰਫ਼ ਅਨੁਸ਼ਾਸ਼ਨ ਦੀ ਪਾਲਣਾ ਕਰਨ ਨਾਲ ਮਨੁੱਖੀ ਜੀਵਨ ਸੁਖੀ ਤੇ ਖੁਸ਼ਹਾਲ ਹੁੰਦਾ ਹੈ। ਅਨੁਸਾਸ਼ਿਤ ਵਿਅਕਤੀ ਨੂੰ ਸਮਾਜ ਵਿਚ ਪਿਆਰ, ਇੱਜ਼ਤ, ਸਤਿਕਾਰ ਤੇ ਤਰੱਕੀ ਦੇ ਨਾਲ-ਨਾਲ ਇਕ ਸਭਿਅਕ ਮਨੁੱਖ ਦਾ ਦਰਜਾ ਵੀ ਮਿਲਦਾ ਹੈ। ਇਹ ਸੋਚਣਾ ਕਿ ਅਨੁਸ਼ਾਸ਼ਨ ਸਿਰਫ਼ ਪੜ੍ਹੇ-ਲਿਖੇ ਲੋਕਾਂ ਲਈ ਜਾਂ ਨੌਕਰੀ ਪੇਸ਼ਾ ਵਿਅਕਤੀਆਂ ਲਈ ਹੁੰਦਾ ਹੈ, ਗਲਤ ਹੈ। ਅਨਪੜ੍ਹ ਜਾਂ ਘਰੇਲੂ ਕੰਮਕਾਜ ਵਾਲੇ ਲੋਕਾਂ ਲਈ ਵੀ ਅਨੁਸ਼ਾਸ਼ਨ ਦੀ ਓਨੀ ਹੀ ਮਹੱਤਤਾ ਹੈ। ਇਹ ਸੱਚੀ ਹੈ ਕਿ ਸਿਰਫ਼ ਅਨੁਸ਼ਾਸ਼ਨਹੀਣ ਵਿਅਕਤੀ ਹੀ ਅਨੁਸ਼ਾਸ਼ਨਹੀਣ ਸਮਾਜ ਦੀ ਸਿਰਜਣਾ ਕਰਦੇ ਹਨ।

ਅਨੁਸ਼ਾਸ਼ਨ ਮਨੁੱਖੀ ਜੀਵਨ ਚਰਿੱਤਰ ਦੀ ਰੀੜ ਦੀ ਹੱਡੀ ਹੁੰਦਾ ਹੈ। ਇਹ ਮਨੁੱਖੀ ਸਖ਼ਸ਼ੀਅਤ ਨੂੰ ਬੁਲੰਦੀਆਂ ਦਾ ਤਾਜ ਪਹਿਨਾਉਂਦਾ ਹੈ। ਜੇਕਰ ਵਿਦਿਆਰਥੀ ਵਿਚ ਅਨੁਸ਼ਾਸ਼ਨ ਨਹੀਂ ਤਾਂ ਉਹ ਇਕ ਚੰਗਾ ਵਿਦਿਆਰਥੀ ਨਹੀਂ, ਇਕ ਖਿਡਾਰੀ ਵਿਚ ਅਨੁਸ਼ਾਸ਼ਨ ਨਹੀਂ ਤਾਂ ਉਹ ਚੰਗਾ ਖਿਡਾਰੀ ਨਹੀਂ ਤੇ ਜੇਕਰ ਇਕ ਕਰਮਚਾਰੀ ਵਿਚ ਅਨੁਸ਼ਾਸ਼ਨ ਨਹੀਂ ਤਾਂ ਉਹ ਚੰਗਾ ਕਰਮਚਾਰੀ ਨਹੀਂ ਅਖਵਾ ਸਕਦਾ। ਇਸੇ ਤਰ੍ਹਾਂ ਜੇਕਰ ਇਕ ਨਾਗਰਿਕ ਵਿਚ ਅਨੁਸ਼ਾਸ਼ਨ ਨਹੀਂ ਤਾਂ ਉਹ ਚੰਗਾ ਨਾਗਰਿਕ ਨਹੀਂ ਕਿਹਾ ਜਾ ਸਕਦਾ। ਅਨੁਸ਼ਾਸ਼ਨਹੀਣ ਵਿਅਕਤੀ ਜ਼ਿੰਦਗੀ ਦਾ ਆਨੰਦ ਨਹੀਂ ਮਾਣ ਸਕਦਾ। ਅਨੁਸ਼ਾਸ਼ਨ ਵਿਚ ਰਹਿ ਕੇ ਸਮੇਂ ਦੀ ਕਦਰ ਕਰਕੇ ਅਸੀਂ ਆਪਣੀ ਜ਼ਿੰਦਗੀ ਦੀ ਫੁਲਵਾੜੀ ਵਿਚ ਰੰਗ ਭਰ ਸਕਦੇ ਹਾਂ। ਅਨੁਸ਼ਾਸ਼ਨਹੀਣ ਵਿਅਕਤੀ ਗੁਲਾਮੀ ਅਤੇ ਗਿਰਾਵਟ ਦਾ ਸ਼ਿਕਾਰ ਬਣਦਾ ਹੈ, ਉਥੇ ਹੀ ਅਨੁਸਾਸ਼ਿਤ ਮਨੁੱਖ ਉੱਨਤੀ ਦੀਆਂ ਸ਼ਿਖ਼ਰਾਂ ਛੂੰਹਦਾ ਹੈ ਅਤੇ ਨਵੀਆਂ ਮੰਜ਼ਿਲਾਂ ਪ੍ਰਾਪਤ ਕਰ ਸਕਦਾ ਹੈ। ਸਾਨੂੰ ਸਾਰਿਆਂ ਨੂੰ ਆਪਣੇ ਜੀਵਨ ਵਿਚ ਅਨੁਸ਼ਾਸ਼ਨ ਨੂੰ ਵੱਧ ਤੋਂ ਵੱਧ ਅਪਨਾਉਣਾ ਚਾਹੀਦਾ ਹੈ। ਅਨੁਸ਼ਾਸ਼ਨ ਵਿਚ ਰਹਿ ਕੇ ਹੀ ਅਸੀਂ ਜ਼ਿੰਦਗੀ ਦੀ ਹਰ ਦੌੜ ਵਿਚ ਕਾਮਯਾਬ ਹੋ ਸਕਦੇ ਹਾਂ ਅਤੇ ਨਵੀਆਂ ਮੰਜ਼ਿਲਾਂ ਪ੍ਰਾਪਤ ਕਰ ਸਕਦੇ ਹਾਂ। ਅਨੁਸ਼ਾਸ਼ਨ ਦੇ ਬਲਬਤੇ ਜਨਤਕ ਜੀਵਨ ਵਿਚ ਅਦਭੁਤ ਤਬਦੀਲੀਆਂ ਲਿਆਂਦੀਆਂ ਜਾ ਸਕਦੀਆਂ ਹਨ। ਸਾਨੂੰ ਅਨੁਸਾਸ਼ਿਤ ਰਾਸ਼ਟਰ ਦੇ ਨਿਰਮਾਣ ਵਿਚ ਚੰਗੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਅਨੁਸਾਸ਼ਿਤ ਵਿਅਕਤੀ ਹੀ ਇਕ ਅਨੁਸਾਸ਼ਿਤ ਰਾਸ਼ਟਰ ਦਾ ਨਿਰਮਾਣ ਕਰ ਸਕਦਾ ਹੈ।

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਬੁਢੇਪੇ ਦੀ ਡੰਗੋਰੀ ਧੀਆਂ ਕਿਉਂ ਨਹੀਂ ਬਣ ਸਕਦੀਆਂ?

ਡੰਗੋਰੀ ਇਕ ਲੱਕੜੀ ਦੀ ਸੋਟੀ ਹੁੰਦੀ ਹੈ ਜਿਸ ਦੇ ਸਹਾਰੇ ਬਿਰਧ ਵਿਅਕਤੀ ਚੱਲ-ਫਿਰ ਸਕਦਾ ਏ। ਪਰ ਇਸ ਡੰਗੋਰੀ ਤੋਂ ਬਿਨਾਂ ਅਸਲ ਡੰਗੋਰੀ ਏ ਧੀਆਂ-ਪੁੱਤਰ। ਇਨਸਾਨ ਨੂੰ ਜ਼ਿੰਦਗੀ ਦੇ ਤਿੰਨ ਪੜਾਵਾਂ ਵਿਚੋਂ ਲੰਘਣਾ ਪੈਂਦਾ ਏ, ਬਚਪਨ, ਜਵਾਨੀ ਤੇ ਬੁਢਾਪਾ। ਬਚਪਨ ਤਾਂ ਪਿਆਰ ਨਾਲ ਬੀਤਿਆ। ਮਾਪਿਆਂ ਨੇ ਲਾਡ ਪਿਆਰ ਦਿੱਤਾ, ਪਾਲਣ-ਪੋਸ਼ਣ ਕੀਤਾ, ਪੜ੍ਹਾਇਆ-ਲਿਖਾਇਆ ਜਵਾਨੀ ਵਿਚ ਤਾਂ ਹਰ ਵਿਅਕਤੀ ਆਪ ਹੀ ਛਾਲਾਂ ਮਾਰਦਾ ਸਮਾਂ ਬਿਤਾ ਲੈਂਦਾ ਏ। ਇਸ ਅਵਸਥਾ ਵਿਚ ਬੁਢੇਪੇ ਬਾਰੇ ਕੋਈ ਖਬਰ ਨਹੀਂ ਹੁੰਦੀ। ਆਪਣੇ ਕੰਮ-ਧੰਦਿਆਂ ਨੂੰ ਕਰਦਾ ਮਨੁੱਖ ਖੁਸ਼ ਰਹਿੰਦਾ ਏ। ਸਭ ਤੋਂ ਔਖੀ ਅਵਸਥਾ ਏ ਪਿਛਲੀ ਉਮਰ ਜਦੋਂ ਮਨੁੱਖ ਨਾ ਤੁਰ ਫਿਰ ਸਕਦਾ ਏ ਨਾ ਆਪਣੇ ਸਰੀਰ ਲਈ ਕੋਈ ਖਾਣ ਪੀਣ ਦਾ ਪ੍ਰਬੰਧ ਕਰ ਸਕਦਾ ਏ। ਇਸ ਸਮੇਂ ਉਸ ਨੂੰ ਆਪਣੇ ਬੱਚਿਆਂ ਦੀ ਡੰਗੋਰੀ ਦੀ ਲੋੜ ਹੁੰਦੀ ਏ ਜਿਨ੍ਹਾਂ ਨੂੰ ਉਸ ਨੇ ਚਾਵਾਂ-ਲਾਡਾਂ ਨਾਲ ਪਾਲਿਆ-ਵਿਆਹਿਆ ਹੁੰਦੇ ਏ।

ਹੁਣ ਅਸਾਂ ਵੇਖਣਾ ਏਂ ਕਿ ਬੁੱਢੇ ਮਾਪਿਆਂ ਦਾ ਆਸਰਾ ਪੁੱਤਰ ਹੀ ਹੁੰਦੇ ਨੇ ਕਿ ਧੀਆਂ ਵੀ ਬਣ ਸਕਦੀਆਂ ਨੇ? ਅਸੀਂ ਸਭ ਜਾਣਦੇ ਹਾਂ ਕਿ ਸਾਡੇ ਦੇਸ਼ ਦੀ ਸੰਸਕ੍ਰਿਤੀ ਅਨੁਸਾਰ ਮਾਪਿਆਂ ਦੀ ਸੇਵਾ ਪੁੱਤਰ ਨੇ ਹੀ ਕਰਨੀ ਹੁੰਦੀ ਏ, ਕਿਉਂਕਿ ਧੀ ਨੇ ਆਪਣੇ ਸਹੁਰੇ ਘਰ ਚਲੀ ਜਾਣਾ ਏ। ਪੁੱਤਰ ਨੇ ਉਸੇ ਘਰ ਵਿਚ ਪੱਕਾ ਰਹਿਣਾ ਹੁੰਦਾ ਏ, ਜਿਥੇ ਬਿਰਧ ਮਾਪੇ ਰਹਿੰਦੇ ਨੇ। ਮਾਪੇ ਆਪ ਹੀ ਸ਼ੁਰੂ ਤੋਂ ਪੁੱਤਰ ਨੂੰ ਧੀ ਨਾਲੋਂ ਵਧ ਘਰ ਦਾ ਅਧਿਕਾਰੀ ਸਮਝਦੇ ਨੇ। ਇਹ ਸਾਡੇ ਦੇਸ਼ ਦੀ ਪੁਰਸ਼ ਪ੍ਰਧਾਨ ਸੋਚ ਕਰਕੇ ਹੀ ਹੈ। ਇਕ ਅਖਾਣ ਹੈ "ਪੁੱਤਰ ਨਿਸ਼ਾਨ ਤੇ ਧੀਆਂ ਇਮਾਨ" ਪੁੱਤਰ ਦੇ ਜਨਮ ਤੋਂ ਹੀ ਮਾਤਾ-ਪਿਤਾ ਖੁਸ਼ੀਆਂ ਮਨਾਉਣ ਲੱਗ ਪੈਂਦੇ ਨੇ। ਕਦੀ ਤੇਰ੍ਹਵਾਂ, ਕਦੀ ਧਮਾਣ ਤੇ ਕਦੀ ਲੋਹੜੀਆਂ ਵੰਡਦੇ ਨੇ। ਕਿਉਂਕਿ ਉਨ੍ਹਾਂ ਨੂੰ ਸਿਰਫ ਪੁੱਤਰ ਹੀ ਆਪਣੇ ਬੁਢੇਪੇ ਦੀ ਅਸਲ ਡੰਗੋਰੀ ਦਿਸਦੇ ਨੇ। ਜੰਮਦੇ ਨੂੰ ਸ਼ੇਰ-ਪੁੱਤਰ ਕਹਿ ਕੇ ਬੁਲਾਉਂਦੇ ਨੇ। ਖਾਣ ਪੀਣ ਤੇ ਬਾਕੀ ਜੀਉਣ ਦੀ ਪੂਰੀ ਖੁੱਲ੍ਹ ਪੁੱਤਰ ਨੂੰ ਹੀ ਦਿੱਤੀ ਜਾਂਦੀ ਏ। ਬਾਪੂ ਤੋਂ ਬਾਅਦ ਘਰ ਦਾ ਵਾਰਸ ਪੁੱਤਰ ਹੀ ਹੁੰਦਾ ਏ। ਧੀ ਤਾਂ ਵਿਚਾਰੀ ਪਰਾਏ ਘਰ ਚਲੀ ਜਾਣਾ ਹੁੰਦਾ ਏ। ਤੇ ਧੀ ਦੀ ਤੁਲਨਾ ਚਿੜੀ ਨਾਲ ਕੀਤੀ ਜਾਂਦੀ ਏ। ਧੀਆਂ ਚਿੜੀਆਂ ਵਾਂਗ ਆਪਣੇ ਬਾਬਲ ਦੇ ਵਿਹੜੇ ਵਿਚੋਂ ਉਡਾਰੀ ਮਾਰ ਜਾਂਦੀਆਂ ਨੇ। ਪਰ ਇਹ ਤੁਰ ਜਾਣ ਵਾਲੀਆਂ ਧੀਆਂ ਆਪਣੇ ਪੇਕੇ ਘਰ ਦੀ ਸੁੱਖ ਸੁਆਸ-ਸੁਆਸ ਨਾਲ ਮੰਗਦੀਆਂ ਰਹਿੰਦੀਆਂ ਨੇ। ਆਪਣੇ ਬਜ਼ੁਰਗ ਮਾਂ-ਬਾਪ ਨੂੰ ਮਿਲਣ ਲਈ ਆਪਣੇ ਘਰੋਂ ਸਮਾਂ ਕੱਢ ਕੇ ਮਿਲਣ ਆਉਂਦੀਆਂ ਨੇ। ਧੀਆਂ ਦਾ ਮੋਹ ਮਾਪਿਆਂ ਨਾਲ ਪੁੱਤਰਾਂ ਨਾਲੋਂ ਵੱਧ ਹੁੰਦਾ ਏ। ਪਰ ਧੀ ਦੂਰ ਬੈਠੀ ਆਪਣੇ ਮਾਪਿਆਂ ਦੀ ਓਨੀ ਸੇਵਾ ਨਹੀਂ ਕਰ ਸਕਦੀ ਜਿੰਨੀ ਨੂੰਹ-ਪੁੱਤਰ ਕਰ ਸਕਦੇ ਨੇ। ਜੇ ਪੁੱਤਰ ਵਾਲੇ ਅਧਿਕਾਰ ਧੀ ਕੋਲ ਵੀ ਹੁੰਦੇ ਤਾਂ ਬਜ਼ੁਰਗਾਂ ਦੀ ਸੇਵਾ ਕਰਨ ਵਿਚ ਧੀਆਂ ਵੱਧ ਹਿੱਸਾ ਪਾ ਸਕਦੀਆਂ ਸਨ। ਧੀ ਤੇ ਮਾਂ ਦਾ ਰਿਸ਼ਤਾ ਬੜਾ ਗੂੜ੍ਹਾ ਏ। ਸਧਰਾਂ ਪਿਆਰਾਂ ਨਾਲ ਭਰਿਆ ਇਹ ਸਬੰਧ ਦੁੱਖ-ਸੁੱਖ ਵੇਲੇ ਪੇਕੇ ਘਰ ਆ ਕੇ ਸੁੱਖ ਵਰਤਾਉਂਦਾ ਏ। ਪਰ ਸਾਡਾ ਸਮਾਜ ਅਸਲ ਸਹਾਰਾ ਪੁੱਤਰ ਨੂੰ ਹੀ ਸਮਝਦਾ ਏ। ਬੁਢੇਪੇ ਵਿਚ ਪੁੱਤਰਾਂ ਤੇ ਨੂੰਹਾਂ ਹੀ ਅਸਲ ਵਾਰਿਸ ਬਣ ਕੇ ਸੇਵਾ ਕਰ ਸਕਦੇ ਨੇ। ਇਸ ਪਿੱਛੇ ਕਈ ਕਾਰਨ ਨੇ।

ਸਭ ਤੋਂ ਪਹਿਲਾਂ ਮਾਪੇ ਆਪਣੀ ਬਿਰਧ ਅਵਸਥਾ ਵਿਚ ਘਰ ਦੀ ਸਾਰੀ ਜ਼ਿੰਮੇਵਾਰੀ ਪੁੱਤਰ ਨੂੰ ਸੌਂਪ ਦਿੰਦੇ ਨੇ। ਘਰ ਦੀ ਸਾਰੀ ਜ਼ਿੰਮੇਵਾਰੀ ਹੀ ਪੁੱਤਰਾਂ ਦੀ ਹੁੰਦੀ ਏ। ਬਾਪੂ ਦੀ ਸਾਰੀ ਜਾਇਦਾਦ ਪੁੱਤਰਾਂ ਵਿਚ ਹੀ ਵੰਡੀ ਜਾਂਦੀ ਏ। ਧੀ ਦਾ ਵਿਆਹ ਕੀਤਾ ਤੇ ਸਹੁਰੇ ਘਰ ਤੋਰ ਦਿੱਤੀ। ਫਿਰ ਕਦੀ ਤਿਲ ਫੁੱਲ ਸਰਿਆ ਤਾਂ ਭਰਾ ਦੇ ਦਿੰਦੇ ਨੇ। ਭਾਵੇਂ ਅੱਜ ਕਾਨੂੰਨ ਬਣਿਆ ਏ ਕਿ ਧੀਆਂ ਬਰਾਬਰ ਦੀਆਂ ਹੱਕਦਾਰ ਨੇ ਪਰ ਉਹ ਫਿਰ ਵੀ ਬਹੁਤੀਆਂ ਆਪਣੇ ਬਾਬਲ ਦੇ ਘਰੋਂ ਅਚੱਲ ਜਾਇਦਾਦ ਵਿਚੋਂ ਹਿੱਸਾ ਨਹੀਂ ਲੈਂਦੀਆਂ, ਸਗੋਂ ਲਿਖ ਕੇ ਆਉਂਦੀਆਂ ਨੇ ਕਿ ਇਹ ਹਿੱਸੇ ਵੀਰਾਂ ਵਿਚ ਵੰਡੇ ਜਾਣ। ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਏ ਸਦੀਆਂ ਤੋਂ ਇਸ ਤਰ੍ਹਾਂ ਹੁੰਦਾ ਆਇਆ ਏ। ਭੈਣ-ਭਰਾਵਾਂ ਦਾ ਪਿਆਰ ਬਣਿਆ ਰਹਿੰਦਾ ਏ। ਨਾਲੇ ਪਿਛਲੀ ਉਮਰੇ ਭਰਾ ਬੁੱਢਿਆਂ-ਮਾਪਿਆਂ ਦੀ ਸੇਵਾ ਕਰਨਗੇ। ਧੀ ਕਦੀ-ਕਦਾਈਂ ਆ ਕੇ ਆਪਣੇ ਬਜ਼ੁਰਗ ਮਾਪਿਆਂ ਨੂੰ ਦੇਖ ਜਾਇਆ ਕਰਦੀ ਏ। ਉਹ ਪੱਕੇ ਤੌਰ 'ਤੇ ਉਨ੍ਹਾਂ ਦੀ ਡੰਗੋਰੀ ਨਹੀਂ ਬਣ ਸਕਦੀ।

ਜਿੱਥੇ ਧੀ ਵਿਆਹੀ ਜਾਂਦੀ ਏ ਉਥੇ ਵੀ ਬਜ਼ੁਰਗ ਸੱਸ ਸਹੁਰਾ ਹੁੰਦੇ ਨੇ। ਉਹੋ ਧੀ ਇਕ ਪਾਸੇ ਧੀ ਹੈ ਤੇ ਦੂਜੇ ਪਾਸੇ ਨੂੰਹ। ਉਹਨੇ ਆਪਣੇ ਸੱਸ ਸਹੁਰੇ ਨੂੰ ਵੀ ਸੰਭਾਲਣਾ ਹੁੰਦਾ ਏ। ਧੀ ਦੇ ਮਾਪੇ ਆਪਣੇ ਪੁੱਤਰਾਂ-ਨੂੰਹਾਂ ਕੋਲੋਂ ਸੇਵਾ ਕਰਵਾਉਣ ਜਾਂ ਪੁੱਤਰ ਆਪ ਹੀ ਕਰਨ। ਇਸ ਸੰਸਾਰ ਵਿਚ ਕਈ ਤਰ੍ਹਾਂ ਦੇ ਲੋਕ ਵਸਦੇ ਨੇ।

ਇਨ੍ਹਾਂ ਪੁੱਤਰਾਂ ਧੀਆਂ ਵਿਚੋਂ ਹੀ ਕਈ ਪੁੱਤਰ ਤਾਂ ਆਪਣੇ ਬਜ਼ੁਰਗਾਂ ਦੀ ਸੇਵਾ ਬਹੁਤ ਸਤਿਕਾਰ ਨਾਲ ਕਰਦੇ ਨੇ ਤੇ ਕਈ ਇਨ੍ਹਾਂ ਨੂੰ ਨਫ਼ਰਤ ਭਰੀਆਂ ਅੱਖਾਂ ਨਾਲ ਵੇਖਦੇ ਨੇ। ਜੇ ਕਿਤੇ ਧੀ ਤੋਂ ਨੂੰਹ ਬਣੀ ਔਰਤ ਸੂਝਵਾਨ ਹੋਵੇ ਤਾਂ ਬਿਰਧ ਮਾਪਿਆਂ ਦਾ ਸਮਾਂ ਚੰਗਾ ਬੀਤ ਜਾਂਦਾ ਏ। ਸਿਆਣੇ ਪੁੱਤਰ ਆਪਣੇ ਮਾਪਿਆਂ ਵੱਲੋਂ ਕੀਤਾ ਪਿਆਰ ਜੋ ਉਨ੍ਹਾਂ ਨੂੰ ਬਚਪਨ ਵੇਲੇ ਦਿੱਤਾ ਗਿਆ ਏ ਉਸ ਦੀ ਕਦਰ ਪਾਉਂਦੇ ਨੇ। ਉਹੋ ਪੁੱਤਰ ਸਰਵਣ ਪੁੱਤਰ ਅਖਵਾਉਂਦੇ ਨੇ। ਸਰਵਣ ਆਪਣੇ ਬਿਰਧ ਮਾਪਿਆਂ ਨੂੰ

ਵਹਿੰਗੀ ਵਿਚ ਬਿਠਾ ਕੇ ਜਿੱਥੇ ਵੀ ਜਾਂਦਾ ਨਾਲ ਲੈ ਜਾਂਦਾ ਸੀ, ਗੱਲ ਕੀ ਉਸਦਾ ਮਾਪਿਆਂ ਨਾਲ ਬਹੁਤ ਪਿਆਰ ਸੀ। ਅੱਜ ਵੀ ਕੋਈ ਪੁੱਤਰ ਜੇ ਆਪਣੇ ਬਜ਼ੁਰਗਾਂ ਦੀ ਸੇਵਾ ਕਰਦਾ ਏ ਤਾਂ ਉਸਨੂੰ ਸਰਵਣ ਪੁੱਤ ਹੀ ਕਹਿੰਦੇ ਨੇ। ਉਸ ਪੁੱਤਰ ਦਾ ਹਰ ਕੋਈ ਸਤਿਕਾਰ ਕਰਦਾ ਏ। ਬਜ਼ੁਰਗਾਂ ਦੀਆਂ ਆਦਤਾਂ ਬੱਚਿਆਂ ਵਾਂਗ ਬਣ ਜਾਂਦੀਆਂ ਨੇ। ਇਸ ਲਈ ਜਿਵੇਂ ਬੱਚਿਆਂ ਨੂੰ ਸਮੇਂ-ਸਮੇਂ ਚੀਜ਼ ਜਾਂ ਲੋੜ ਵੇਲੇ ਜੋ ਵੀ ਚਾਹੀਦਾ ਹੈ ਦਿੱਤਾ ਜਾਂਦਾ ਏ। ਇਸੇ ਤਰ੍ਹਾਂ ਉਨ੍ਹਾਂ ਮਾਪਿਆਂ ਨੂੰ ਵੀ ਦੇਣਾ ਚਾਹੀਦਾ ਏ।

ਅੱਜ ਵੀਹਵੀਂ ਸਦੀ ਬੀਤ ਗਈ ਏ। ਇਕੀਵੀਂ ਸਦੀ ਵਿਚ ਪ੍ਰਵੇਸ਼ ਕਰ ਚੁੱਕੇ ਹਾਂ। ਪਰ ਸਾਡੇ ਸਮਾਜਿਕ ਢਾਂਚੇ ਵਿਚ ਬਹੁਤਾ ਫਰਕ ਨਹੀਂ ਆਇਆ। ਧੀਆਂ-ਪੁੱਤਰਾਂ ਦੀ ਬਰਾਬਰਤਾ ਦਾ ਨਾਅਰਾ ਤਾਂ ਲਗਦਾ ਰਹਿੰਦਾ ਏ। ਪਰ ਇਸ ਦਾ ਅਸਲ ਵਿਚ ਲਾਗੂ ਹੋਣਾ ਦਿਸਦਾ ਨਹੀਂ ਜੇ ਇਹ ਬਰਾਬਰ ਦਾ ਹੱਕ ਹੋਵੇ ਤਾਂ ਧੀ ਆਪਣੇ ਬੁੱਢੇ ਮਾਪਿਆਂ ਨੂੰ ਸਾਂਭ ਸਕਦੀ ਏ। ਕਈ ਵਾਰ ਇਕ ਹੀ ਪੁੱਤਰ ਹੁੰਦਾ ਏ ਜਾਂ ਇਕ ਹੀ ਧੀ। ਜੇ ਪੁੱਤਰ ਨਲਾਇਕ ਨਿਕਲ ਆਵੇ, ਮਾਪਿਆਂ ਦੀ ਸੇਵਾ ਨਾ ਕਰੇ। ਨਸ਼ਿਆਂ ਵਿਚ ਫਸਿਆ ਰਹੇ। ਮਾਪਿਆਂ ਵੱਲੋਂ ਦਿੱਤੀ ਜਾਇਦਾਦ ਖਤਮ ਕਰ ਰਿਹਾ ਹੋਵੇ ਤਾਂ ਉਥੇ ਮਾਪੇ ਵੀ ਕਿਵੇਂ ਸਾਂਭੇ ਜਾਣਗੇ? ਸਗੋਂ ਹੋਰ ਬਰਬਾਦੀ ਹੋ ਰਹੀ ਹੁੰਦੀ ਏ।

ਇਹੋ ਜਿਹੇ ਹਾਲਾਤਾਂ ਵਿਚ ਧੀਆਂ ਆਪਣੇ ਆਪਣੇ ਮਾਪਿਆਂ ਦਾ ਦੁੱਖ ਵੰਡਾਉਂਦੀਆਂ ਨੇ। ਧੀ ਵੀ ਸਰਵਣ ਧੀਆਂ ਬਣ ਸਕਦੀਆਂ ਨੇ। ਪਰ ਇਹ ਗੱਲ ਕਦੀ ਅੱਜ ਤੱਕ ਨਹੀਂ ਸੁਣੀ। ਇਥੇ ਅਸੀਂ ਨੂੰਹ ਨੂੰ ਵੀ ਸਹੁਰੇ ਦੀ ਧੀ ਬਣ ਕੇ ਸੇਵਾ ਕਰਨ ਵੇਲੇ ਸਰਵਣ ਧੀ ਕਹਿ ਸਕਦੇ ਹਾਂ ਪਰ ਸਾਡੇ ਭਾਈਚਾਰੇ ਵਿਚ ਨੂੰਹ-ਸੱਸ ਦਾ ਰਿਸ਼ਤਾ ਮਾਵਾਂ-ਧੀਆਂ ਵਾਲਾ ਨਹੀਂ ਬਣ ਸਕਦਾ। ਨੂੰਹ ਆਪਣੇ ਸੱਸ ਸਹੁਰੇ ਦੀ ਸੇਵਾ ਪੁਰਾਤਨ ਸਮੇਂ ਤੋਂ ਚਲੀ ਆਈ ਰੀਤ ਕਰਕੇ ਮਾੜੀ-ਚੰਗੀ ਕਰਦੀ ਰਹਿੰਦੀ ਏ। ਪਰ ਜੇ ਧੀ ਹੋਵੇ ਤਾਂ ਉਹ ਆਪਣੇ ਮਾਪਿਆਂ ਦੀ ਸੇਵਾ ਪੂਰੀ ਤਨਦੇਹੀ ਨਾਲ ਕਰਦੀ ਏ।

ਅੱਜ ਸਾਡੇ ਦੇਸ਼ ਵਿਚ ਪੱਛਮੀ ਸੱਭਿਅਤਾ ਦਾ ਅਸਰ ਪੈ ਰਿਹਾ ਏ। ਕਈ ਪਰਵਾਰ ਤਾਂ ਬਹੁਤ ਸਿਆਣੇ ਨੇ ਪਰ ਕਈਆਂ ਵਿਚ ਬਹੁਤ ਊਣਤਾਈਆਂ ਹਨ। ਜਿਵੇਂ ਵੱਡੇ ਸ਼ਹਿਰ ਵਿਚ ਕੋਠੀ ਵਿਚ ਰਹਿੰਦਾ ਪੁੱਤਰ ਆਪਣੇ ਮਾਪਿਆਂ ਨੂੰ ਨਾਲ ਨਹੀਂ ਰੱਖਣਾ ਚਾਹੁੰਦਾ। ਉਸ ਦੇ ਮਾਪੇ ਆਪਣੇ ਪਿੰਡ ਵਿਚ ਰਹਿ ਕੇ ਮਾੜਾ-ਚੰਗਾ ਗੁਜ਼ਾਰਾ ਕਰਦੇ ਨੇ। ਪਰ ਪੁਰਾਣੇ ਸਮਿਆਂ ਵਾਲਾ ਬਜ਼ੁਰਗਾਂ ਦਾ ਸਤਿਕਾਰ ਬਹੁਤ ਹੀ ਘਟ ਗਿਆ ਏ। ਪੁੱਤਰ ਮਾਪਿਆਂ ਨੂੰ ਜੇ ਨਾ ਸੰਭਾਲਣ ਤਾਂ ਉਹ ਕਿਧਰ ਜਾਣ? ਧੀ ਦੇ ਘਰ ਰਹਿਣਾ ਉਹ ਪਸੰਦ ਨਹੀਂ ਕਰਦੇ। ਉਹਨੂੰ ਕੁੜੀਆਂ ਦਾ ਘਰ ਸਮਝ ਕੇ ਓਪਰਾ ਮਹਿਸੂਸ ਕਰਦੇ ਨੇ। ਅੱਜ ਤਾਂ ਇਕ ਹੋਰ ਪ੍ਰਦੇਸੀਂ ਵਸਣ ਦਾ ਰਿਵਾਜ ਹੈ। ਪੁੱਤਰ ਕੈਨੇਡਾ, ਅਮਰੀਕਾ ਬੈਠੇ ਨੇ ਤੇ ਬਜ਼ੁਰਗ ਮਾਪੇ ਘਰਾਂ ਵਿਚ ਇਕੱਲੇ ਬੈਠੇ ਆਪਣੇ ਦਿਨ ਕੱਟ ਰਹੇ ਨੇ। ਕਦੀ ਗਵਾਂਢੀਆਂ ਦਾ ਆਸਰਾ ਲੈਂਦੇ ਨੇ ਜਾਂ ਕੋਈ ਸੇਵਾਦਾਰ ਰੱਖ ਕੇ ਸਮਾਂ ਬਿਤਾਉਂਦੇ ਨੇ। ਇਕੱਲੇ ਬੈਠੇ ਬਜ਼ੁਰਗ ਉਸ ਪ੍ਰਦੇਸੀ ਪੁੱਤਰ ਨੂੰ ਯਾਦ ਕਰਦੇ ਨੇ। ਪੁੱਤਰ ਡਾਲਰ ਤਾਂ ਭੇਜ ਦਿੰਦਾ ਏ ਪਰ ਇਹ ਡਾਲਰ ਪਿਆਰ ਭਰੀ ਡੰਗੋਰੀ ਨਹੀਂ ਬਣ ਸਕਦੇ। ਉਸ ਵੇਲੇ ਫਿਰ ਉਨ੍ਹਾਂ ਬਜ਼ੁਰਗਾਂ ਦੀ ਨੇੜੇ ਵਸਦੀ ਧੀ ਹੀ ਸਾਰ ਲੈਂਦੀ ਏ। ਆਪਣੇ ਵੀਰ ਨੂੰ ਦੱਸਦੀ ਏ ਕਿ ਤੇਰੇ ਨਾਲੋਂ ਵਧ ਸੇਵਾ ਕਰ ਰਹੀ ਹਾਂ। ਅੱਜ ਦੇ ਪਦਾਰਥਵਾਦੀ ਯੁੱਗ ਵਿਚ ਬੁੱਢਿਆਂ ਦੀ ਸੰਭਾਲ ਹੋਰ ਬੋਝਲ ਬਣੀ ਜਾਪਦੀ ਏ। ਕਿਉਂਕਿ ਘਰ ਦੇ ਸਭ ਜੀਅ ਕਮਾਈ ਕਰਨ ਹੀ ਲੱਗ ਜਾਂਦੇ ਨੇ। ਭਾਵੇਂ ਕਿੰਨੀਆਂ ਕਮਾਈਆਂ ਕਰੋ। ਪਰ ਆਪਣੇ ਜਨਮ ਦਾਤਿਆਂ ਦੀ ਸੇਵਾ ਕਰਨਾ ਆਪਣਾ ਫਰਜ਼ ਸਮਝੋ। ਇਨ੍ਹਾਂ ਨੂੰ ਬਿਰਧ ਘਰਾਂ ਵਿਚ ਨਾ ਜਾਣ ਦਿਓ। ਜੇ ਧੀ ਕੋਲ ਸਮਾਂ ਹੈ ਤਾਂ ਧੀ ਸੇਵਾ ਕਰੇ। ਨਹੀਂ ਤਾਂ ਨੂੰਹਾਂ, ਪੁੱਤਰ ਆਪਣੇ ਮਾਪਿਆਂ ਦੀ ਸੇਵਾ ਕਰਨ। ਆਪਣੇ ਘਰ ਦਾ ਸ਼ਿੰਗਾਰ ਸਮਝਣ। ਬਜ਼ੁਰਗ ਘਰ ਦੇ ਜੰਦਰੇ ਹੁੰਦੇ ਨੇ।

ਅਖੀਰ ਵਿਚ ਮੈਂ ਬੜੇ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਜੇ ਪੁੱਤਰਾਂ ਵੱਲੋਂ ਬਿਰਧ ਮਾਪਿਆਂ ਦੀ ਸੇਵਾ ਨਾ ਹੋਵੇ ਤਾਂ ਧੀ ਪੂਰੀ ਤਨਦੇਹੀ ਨਾਲ ਇਨ੍ਹਾਂ ਦੀ ਡੰਗੋਰੀ ਬਣ ਸਕਦੀ ਏ। ਕਈ ਪੜ੍ਹੇ ਲਿਖੇ ਪੁੱਤਰ ਇਨ੍ਹਾਂ ਬੁੱਢਿਆਂ ਨੂੰ ਆਪਣੇ ਨਾਲ ਕੋਠੀ ਵਿਚ ਨਹੀਂ ਰੱਖ ਸਕਦੇ। ਉਸ ਵੇਲੇ ਪਿੱਛੇ ਪਿੰਡ ਵਿਚ ਬੈਠੇ ਬਿਰਧ ਮਾਪੇ ਕਿਸੇ ਦੇ ਸਹਾਰੇ ਜੀਉਂਦੇ ਨੇ। ਧੀ ਦੇ ਘਰ ਨੂੰ ਕੁੜਮਾਂ ਦਾ ਘਰ ਸਮਝਦੇ ਨੇ। ਧੀ ਘਰ ਰਹਿਣਾ ਸਮਾਜਿਕ ਪੱਖੋਂ ਬੁਰਾ ਮਹਿਸੂਸ ਕਰਦੇ ਨੇ। ਫਿਰ ਵੀ ਜਦੋਂ ਬਜ਼ੁਰਗ ਮਾਪਿਆਂ ਨੂੰ ਸਾਂਭਣਾ ਪਵੇ ਤਾਂ ਧੀ ਆਪਣੇ ਮਾਪਿਆਂ ਨੂੰ ਪੁੱਤਰਾਂ ਤੋਂ ਵੱਧ ਪਿਆਰ ਸਤਿਕਾਰ ਨਾਲ ਸਹਾਰਾ ਦੇਵੇਗੀ। ਜਨਮ ਵੇਲੇ ਧੀ ਨੂੰ ਪੱਥਰ ਕਿਹਾ ਜਾਂਦਾ ਏ। ਇਹ ਪੱਥਰ ਮੱਖਣ ਵਾਂਗ ਨਰਮ ਹੋ ਕੇ ਮਾਪਿਆਂ ਦੀ ਸੇਵਾ ਕਰ ਸਕਦਾ ਏ।

ਇਹ ਤਾਂ ਸਿਰਫ ਸਾਡੀ ਆਪਣੀ ਸੋਚ ਏ ਕਿ ਧੀ ਮਾਪਿਆਂ ਦੀ ਅਸਲ ਡੰਗੋਰੀ ਨਹੀਂ ਬਣ ਸਕਦੀ। ਧੀਆਂ ਤਾਂ ਸਗੋਂ ਪੁੱਤਰਾਂ ਤੋਂ ਵੱਧ ਬੁਢੇਪੇ ਦਾ ਸਹਾਰਾ ਬਣ ਸਕਦੀਆਂ ਨੇ। ਪਰ ਉਨ੍ਹਾਂ ਨੂੰ ਪੁੱਤਰਾਂ ਦੇ ਬਰਾਬਰ ਤਰਾਜੂ ਵਿਚ ਤੋਲਿਆ ਜਾਵੇ। ਧੀਆਂ ਬੁਢੇਪੇ ਦੀ ਡੰਗੋਰੀ ਬਣ ਸਕਦੀਆਂ ਨੇ ਤੇ ਪੁੱਤਰਾਂ ਨਾਲੋਂ ਵੱਧ ਸੇਵਾ ਕਰ ਸਕਦੀਆਂ ਨੇ।

**ਸਵਰਨ ਕੌਰ ਬੱਲ**

● ● ●

**ਜੋ ਜਿਉਂਦੇ ਜੀਅ ਨਹੀਂ ਵਿਕਦੇ,**
**ਮਰਨ ਤੋਂ ਬਾਅਦ ਉਨ੍ਹਾਂ ਦੀਆਂ ਤਸਵੀਰਾਂ ਵਿਕਦੀਆਂ ਨੇ।**

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਭਗਵਾਨ ਸਿੰਘ ਲੁਬਾਣਾ**



ਬਿੱਟੂ ਲਹਿਰੀ

## ਸ਼ੇਅਰ

1. ਬਿਨਾਂ ਮਾਵਾਂ ਨਾ ਬੱਚੇ ਪਲਦੇ, ਜੋ ਪਲਣ ਤਾਂ ਬਹੁਤੇ ਰੁੱਲਦੇ ਨੇ।
2. ਬਿਨ ਮਾਵਾਂ ਢੁੱਕ ਜਾਵਣ ਬੂਹੇ, ਜੇ ਖੁੱਲ੍ਹਣ ਤਾਂ ਔਖੇ ਖੁੱਲਦੇ ਨੇ।
3. ਬਿਨ ਮਾਵਾਂ ਭੁੱਲ ਜਾਣ ਸਬੰਧੀ, ਉਹ ਜਾਨਦੇ ਹੋਏ ਵੀ ਭੁੱਲਦੇ ਨੇ।
4. ਬਿਨ ਮਾਵਾਂ ਟੁੱਕ ਸੁੱਕੇ ਮਿਲਦੇ, ਟੁੱਕ ਗਲੇ ਤੇ ਹੀ ਘੁੱਲਦੇ ਨੇ।
5. ਬਿਨ ਮਾਵਾਂ ਦੇ ਤਾਹਨੇ-ਮਿਹਣੇ, ਵੱਜਦੇ ਸਾਰੀ ਕੁੱਲ ਦੇ ਨੇ।
6. ਬਿਨ ਮਾਵਾਂ ਦੇ ਰਾਹ ਦੇ ਕੰਡੇ, ਵੱਜ ਪੈਰਾਂ ਦੇ ਵਿੱਚ ਝੁੱਲਦੇ ਨੇ।
7. ਬਿਨ ਮਾਵਾਂ ਤੋਂ ਭਰੇ ਜੋ ਭਾਂਡੇ, ਵੇਖੇ ਰਾਹਾਂ ਦੇ ਵਿੱਚ ਡੁੱਲਦੇ ਨੇ।
8. ਬਿਨ ਮਾਵਾਂ ਦੇ ਨੀਰ ਨਾ ਮਿਲਦੇ, ਇਹ ਜਾਨਣ ਲੋਕੀਂ ਕੁੱਲ ਦੇ ਨੇ।
9. ਬਿਨ ਮਾਵਾਂ ਦੇ ਸਾਰੇ ਸੋਦੇ, ਲਗਭਗ ਘੱਟ ਹੀ ਤੁੱਲਦੇ ਨੇ।
10. ਬਿਨ ਮਾਵਾਂ ਦੇ ਜਾਣ ਲੈ 'ਲਹਿਰੀ', ਮਿਲਦੇ ਪਾਣੀ ਮੁੱਲ ਦੇ ਨੇ।

**ਵਿਸਥਾਰ** - ਜੱਲ੍ਹੇ ਤੇ ਛੱਲੇ ਦੇ ਆਪਸ ਵਿੱਚ ਸੁਆਲ-ਜੁਆਬ ਹੋ ਰਹੇ ਸਨ ਤਾਂ ਉੱਤੋਂ ਮੱਲ੍ਹਾ ਆ ਗਿਆ। ਮੱਲ੍ਹੇ ਨੇ ਪਿਉ ਪੁੱਤ ਦੇ ਵਹਿ ਰਹੇ ਹੰਝੂ ਪੂੰਝੇ ਤੇ ਮੱਲ੍ਹਾ ਛੱਲੇ ਨੂੰ ਕੁਝ ਸਮਝਾਉਂਦਾ ਹੋਇਆ ਛੱਲੇ ਦੇ ਸਿਰ ਤੇ ਹੱਥ ਰੱਖ ਕੇ ਕਹਿ ਰਿਹਾ ਹੈ।

## ਸ਼ੇਅਰ

1. ਉਏ ਜੇ ਤੂੰ ਛੱਲਿਆ ਰੋਂਦਾ ਰਹਿਸੀ, ਉਏ ਕਰ-ਕਰ ਜ਼ੋਰ ਧਿਗਾਣੇ।
2. ਉਏ ਬਾਪ ਤੇਰੇ ਦਾ ਤੂੰ ਹੀ ਆਸਰਾ, ਆਪਦੇ ਬਿਨ ਨਾ ਕੋਈ ਸਿਆਣੇ।
3. ਮੋਇਆਂ ਦੇ ਨਾਲ ਮਰ ਨਹੀਂ ਹੁੰਦਾ, ਉਏ ਸਦਾ ਕਹਿੰਦੇ ਲੋਕ ਸਿਆਣੇ।
4. ਉਏ ਨਾ ਪੀੜਾਂ ਨਾ ਹੰਝੂ ਮੁੱਕਦੇ, ਉਏ ਨਾ ਭੁੱਲਦੇ ਜ਼ਖ਼ਮ ਪੁਰਾਣੇ।
5. ਨਾ ਰੀਝਾਂ ਦੇ ਨਾਲ ਦੁੱਖ ਕੋਈ ਲੈਂਦਾ, ਆਪੇ ਕਰਮਾਂ ਵਿੱਚ ਲਿਖਾਣੇ।
6. ਉਏ ਦੁੱਖ ਨਾ ਪਿੱਛਾ ਛੱਡਦੇ ਛੱਲਿਆ, ਭਾਵੇਂ ਸੌ-ਸੌ ਬਦਲ ਟਿਕਾਣੇ।
7. ਜਾ ਕਬਰਾਂ ਦੇ ਵਿੱਚ ਕੂਕੇ ਨਿੱਤ ਤੂੰ, ਕਬਰੀ ਨੀਂਦ ਨਾ ਮੰਗੇ ਸਰਾਣੇ।
8. ਉਏ ਨੱਪ ਕੇ ਹਰ ਕੋਈ ਘਰ ਰੱਖ ਲੈਂਦਾ, ਜੇਕਰ ਮਰੇ ਬਦਲਦੇ ਬਾਣੇ।
9. ਉਏ ਨਰਮੀ ਸਖ਼ਤੀ ਹਰ ਇੱਕ ਘਰ ਤੇ, ਤੂੰ ਜਾਣੇ ਜਾ ਨਾ ਜਾਣੇ।
10. ਉਏ ਕਿਹੜੇ ਘਰ ਨਹੀਂ ਲੋਹੜੇ ਆਏ, 'ਲਹਿਰੀ' ਮੰਨਣੇ ਪੈਂਦੇ ਭਾਣੇ।

**ਵਿਸਥਾਰ** - ਛੱਲਾ ਬੱਚਿਆਂ ਵਾਲੀ ਜਿੱਦ ਕਰਦਾ ਹੋਇਆ ਰੱਬ ਨੂੰ ਗਿਲੇ ਸ਼ਿਕਵੇ ਕਰਦਾ ਤੇ ਜੱਲ੍ਹਾ ਛੱਲੇ ਨੂੰ ਸੁਆਲਾਂ ਦੇ ਜੁਆਬ ਦੇ ਕੇ ਕਿੰਝ ਸਮਝਾਉਂਦਾ ਏ।

## ਸ਼ੇਅਰ

**ਛੱਲਾ - ਅੱਜ ਅੰਮੀ ਮੇਰੀ ਦਿਸਦੀ ਨਾਂਹੀ, ਰੱਬਾ ਵੇਖ ਲੈ ਰੋਂਦਾ ਛੱਲਾ।**
**ਤੇਰੀ ਵੀ ਮਾਂ ਨਜ਼ਰ ਨਾ ਆਵੇ, ਤੈਨੂੰ ਫਿਰ ਪੁੱਛਾ ਮੈਂ ਅੱਲ੍ਹਾ।**

**ਜੱਲ੍ਹਾ - ਜੱਲ੍ਹਾ ਸਮਝਾਵੇ ਪੁੱਤਰ ਨੂੰ, ਰੱਬ ਨਾਲ ਨਾ ਲੜ ਤੂੰ ਛੱਲਿਆ।**
**ਵਾਰੋ-ਵਾਰੀ ਸਭ ਨੇ ਜਾਣਾ, ਸੱਦ ਲੈਂਦਾ ਜਿਸ ਨੇ ਘੱਲਿਆ।**

**ਛੱਲਾ - ਲੋੜ ਸੀ ਮੈਨੂੰ ਮਾਂ ਮੇਰੀ ਦੀ, ਰੱਬਾ ਕੀ ਥੁੜਿਆ ਸੀ ਤੇਰਾ।**
**ਨਿੱਕਾ ਵੇਖ ਕੇ ਮਾਰੀ ਠੱਗੀ, ਲੈ ਗਿਉਂ ਜੋ ਸੀ ਹਿੱਸਾ ਮੇਰਾ।**

**ਜੱਲ੍ਹਾ - ਜਿੱਦ ਛੱਡ ਛੱਲੇ, ਕਸੂਰ ਨਾ ਉਹਦਾ, ਸਭ ਨਿਯਮ ਅੱਲ੍ਹਾ ਦੇ ਪੱਕੇ।**
**ਅੱਲ੍ਹਾ ਮੌਲ੍ਹਾ ਖੈਰ ਕਰੈਸੀ, 'ਲਹਿਰੀ' ਲੈ ਚੱਲੀਏ ਚੱਲ ਮੱਕੇ।**

**ਵਿਸਥਾਰ** - ਇੱਕ ਦਿਨ ਜੱਲ੍ਹਾ ਤ੍ਰਿਕਾਲਾਂ ਦੇ ਸਮੇਂ ਰੋਟੀ ਬਣਾਉਣ ਲੱਗਿਆ ਤਾਂ ਬੇ-ਵਕਤੀ ਮੀਂਹ ਤੇ ਹਨੇਰ ਆ ਗਿਆ। ਪੋਹ ਦੇ ਮਹੀਨੇ ਹਨੇਰ ਤੇ ਮੀਂਹ ਦਾ ਐਨਾ ਜ਼ੋਰ ਵੱਧ ਗਿਆ ਕਿ ਇੰਜ਼ ਲੱਗਦਾ ਕੇ ਜਿਵੇਂ ਅੱਜ ਇੱਕ ਪਹਿਰ ਪਹਿਲਾਂ ਹੀ ਰਾਤ ਪੈ ਗਈ ਹੋਵੇ। ਅੱਧੀ ਰਾਤ ਤੋਂ ਥੋੜ੍ਹਾ ਜਿਹਾ ਪਿੱਛੇ ਦਾ ਹਾਲ ਇਸ ਤਰ੍ਹਾਂ ਬਿਆਨ ਕੀਤਾ।

(ਚਲਦਾ)

● ● ●

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖ਼ੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

98141-28181

● ● ●

**ਮੁੰਡਾ ਹਮੇਸ਼ਾ ਆਪਣੇ ਜੀਵਨ ਸਾਥੀ ਵਿਚ ਆਪਣੀ ਮਾਂ ਵਰਗਾ ਇਨਸਾਨ ਚਾਹੁੰਦਾ ਹੈ, ਜੋ ਉਸਨੂੰ ਆਪਣੀ ਮਾਂ ਦੀ ਤਰ੍ਹਾਂ ਪਿਆਰ ਕਰੇ ਅਤੇ ਖਿਆਲ ਰੱਖੇ। ਇਕ ਕੁੜੀ ਆਪਣਾ ਸਭ ਕੁਝ ਛੱਡ ਕੇ ਆਉਂਦੀ ਹੈ, ਇਸ ਲਈ ਆਪਣੇ ਪਿਤਾ ਵਰਗਾ ਜੀਵਨ ਸਾਥੀ ਚਾਹੁੰਦੀ ਹੈ, ਜੋ ਉਸ ਨੂੰ ਉਸ ਦੇ ਪਿਤਾ ਵਰਗਾ ਪਿਆਰ ਕਰੇ, ਉਸ ਦੀਆਂ ਜ਼ਰੂਰਤਾਂ ਨੂੰ ਸਮਝੇ, ਉਸ ਦਾ ਖਿਆਲ ਰੱਖੇ।**

**ਕਹਾਣੀ**

# ਜਾਣੀ-ਜਾਣ

**ਪ੍ਰੀਤਮਾ ਦੋਮੇਲ**

ਬਾਪੂ ਜੀ ਦੀ ਉਮਰ ਅੱਸੀਆਂ ਤੋਂ ਪਰਲੀ ਸਾਈਡ ਵੱਲ ਨੂੰ ਤੁਰ ਪਈ ਹੈ ਤੇ ਬਾਪੂ ਜੀ ਮੰਜੇ ਨਾਲ ਮੰਜਾ ਹੋਈ ਪਏ ਹਨ। ਕਹਿਣ ਨੂੰ ਭਾਵੇਂ 80 ਵਰ੍ਹੇ ਬਹੁਤ ਲੱਗਦੇ ਹਨ ਪ੍ਰੰਤੂ ਇਹ ਕੋਈ ਅਜਿਹੀ ਉਮਰ ਤਾਂ ਨਹੀਂ ਕਿ ਬੰਦਾ ਬਿਲਕੁਲ ਹੀ ਰਹਿ ਜਾਵੇ। ਉਨ੍ਹਾਂ ਦੀ ਉਮਰ ਦੇ ਆਦਮੀ ਸਵੇਰੇ ਉਠ ਕੇ ਖੇਤਾਂ ਵੱਲ ਜਾਂਦੇ ਹਨ, ਨਹਾ-ਧੋ ਕੇ ਕਈ-ਕਈ ਬਾਣੀਆਂ ਦਾ ਪਾਠ ਕਰਦੇ-ਕਰਦੇ ਗੁਰਦੁਆਰੇ ਦੀ ਸੇਵਾ ਵੀ ਕਰ ਆਉਂਦੇ ਹਨ। ਫੇਰ ਘਰ ਦੇ ਹੋਰ ਨਿੱਕੇ-ਮੋਟੇ ਕੰਮ, ਖੇਤਾਂ ਵਿੱਚ ਕੰਮ ਕਰਦਿਆਂ ਨੂੰ ਚਾਹ-ਰੋਟੀ ਅਪੜਾਉਣੀ ਜਾਂ ਕੋਈ ਸੁੱਖ-ਸੁਨੇਹਾ ਦੇਣਾ, ਇਕੱਲੇ ਦੁਕੱਲੇ ਡੰਗਰ ਨੂੰ ਕੱਖ-ਪੱਠਾ ਪਾਉਣਾ ਤੇ ਜੇ ਸ਼ਹਿਰ ਵਿੱਚ ਹੋਣ ਤਾਂ ਸਬਜ਼ੀ ਭਾਜੀ ਲਿਆਉਣੀ ਤੇ ਛੋਟੇ ਬਾਲ ਨੂੰ ਪਾਰਕ ਤੱਕ ਘੁੰਮਾ ਲਿਆਉਣਾ ਸ਼ਾਮਲ ਹੈ, ਪਰ ਬਾਪੂ ਜੀ? ਤੋਬਾ ਕਰੋ ਜੀ। ਸਵੇਰੇ ਉਠ ਕੇ ਬਿਨਾਂ ਹੱਥ ਮੂੰਹ ਧੋਇਆਂ ਹੀ ਚਾਹ ਪੀ ਲੈਣੀ, ਰੋਟੀ ਖਾ ਲੈਣੀ ਤਾਂ ਉਨ੍ਹਾਂ ਲਈ ਆਮ ਜੇਹੀ ਗੱਲ ਹੈ। ਫਿਰ ਐਵੇਂ ਨਿੱਕੀ-ਨਿੱਕੀ ਗੱਲ ਤੋਂ ਗੁੱਸੇ ਹੋ ਜਾਣਾ, ਕਦੇ ਨੌਂਹ ਨਾਲ ਲੜਨ ਲੱਗ ਜਾਣਾ, ਕਦੇ ਨਿੱਕੇ-ਨਿੱਕੇ ਪੋਤੇ-ਪੋਤੀਆਂ ਨੂੰ ਕੁੱਟ ਕੱਢਣਾ, ਪਤਾ ਨਹੀਂ ਬਾਪੂ ਜੀ ਨੂੰ ਕੀ ਹੋ ਗਿਆ ਹੈ।

ਉਂਜ ਬਾਪੂ ਜੀ ਸ਼ੁਰੂ ਤੋਂ ਤਾਂ ਏਦਾਂ ਦੇ ਨਹੀਂ ਸਨ। ਘਰ ਦੀ ਗ਼ਰੀਬੀ ਨੇ ਪੜ੍ਹਾਈ ਪੂਰੀ ਨਹੀਂ ਸੀ ਕਰਨ ਦਿੱਤੀ। ਛੋਟੀ ਜੇਹੀ ਨੌਕਰੀ ’ਤੇ ਲੱਗ ਕੇ ਗਜ਼ਟਿਡ ਅਫ਼ਸਰ ਬਣ ਕੇ ਰਿਟਾਇਰ ਹੋਏ ਸਨ, ਪਰ ਆਪਣੀ ਨੌਕਰੀ ਦੇ ਚੰਗੇ ਦਿਨਾਂ ਵਿੱਚ ਵੀ ਕਦੇ ਆਪਣੀ ਔਕਾਤ ਨਹੀਂ ਸਨ ਭੁੱਲੇ। ਘਰ ਦੀ ਦੇਖਭਾਲ ਇਕ ਆਦਮੀ ਕਰਦਾ ਸੀ, ਰੋਟੀਆਂ ਪਕਾਉਣ ਵਾਲਾ ਖਾਨਸਾਮਾ ਅਲੱਗ ਸੀ। ਕੱਪੜੇ ਧੋਣ ਵਾਲੇ ਧੋਬੀ ਤੋਂ ਲੈ ਕੇ, ਬਗੀਚੇ ਦੀ ਦੇਖ-ਭਾਲ ਲਈ ਮਾਲੀ ਤੇ ਬੱਚੇ ਖਿਡਾਉਣ ਲਈ ਵੱਖਰੇ-ਵੱਖਰੇ ਬੰਦੇ ਸਨ। ਉਨ੍ਹਾਂ ਦੇ ਘਰ ਰੋਟੀ ਖਾਣ ਲਈ ਕਈ-ਕਈ ਬੰਦੇ ਸਾਲਾਂ ਤੱਕ ਟਿਕੇ ਰਹਿੰਦੇ ਸਨ। ਰਿਸ਼ਤੇਦਾਰਾਂ ਦਾ ਤਾਂ ਹਿਸਾਬ ਹੀ ਨਹੀਂ ਸੀ। ਉਹ ਤਾਂ ਜਿਵੇਂ ਉਨ੍ਹਾਂ ਦੇ ਘਰ ਨੂੰ ਆਪਣਾ ਹੀ ਘਰ ਸਮਝਦੇ ਸਨ। ਸ. ਜੀਤ ਸਿੰਘ ਉਨ੍ਹਾਂ ਦੇ ਨਾਲ ਦੇ ਪਿੰਡ ਦਾ ਰਹਿਣ ਵਾਲਾ ਸੀ। ਇਕੋ ਹੀ ਉਮਰ ਦੇ, ਇਕੋ ਸਕੂਲ ਵਿੱਚ ਪੜ੍ਹੇ ਹੋਏ ਸ਼ਾਇਦ ਇਕੋ ਹੀ ਵੇਲੇ ਨੌਕਰੀ ਲੱਗੇ ਸਨ, ਪ੍ਰੰਤੂ ਮਿਲੇ ਸਨ ਕਈ ਸਾਲਾਂ ਮਗਰੋਂ। ਸ. ਜੀਤ ਸਿੰਘ ਦੀ ਘਰ ਵਾਲੀ ਥਾਉਂ-ਥਾਈਂ ਫਿਰਨ ਦੀ ਬਜਾਏ ਬੱਚਿਆਂ ਨੂੰ ਲੈ ਕੇ ਘਰ ਬਹਿ ਗਈ ਸੀ।

ਜੀਤ ਸਿੰਘ ਦੀਆਂ ਰੋਜ਼-ਰੋਜ਼ ਦੀਆਂ ਬਦਲੀਆਂ ਤੋਂ ਉਹ ਤੰਗ ਆ ਚੁੱਕੀ ਸੀ। ਉਹ ਪੱਕੇ ਨਿਸ਼ਚੇ ਵਾਲੀ ਇਸਤਰੀ ਸੀ। ਪਤੀ ਦੇ ਸਾਥ ਦੀ ਕੁਰਬਾਨੀ ਦੇ ਕੇ ਉਹ ਬੱਚਿਆਂ ਦੀ ਸਿਆਣੀ ਮਾਂ ਬਣ ਗਈ ਤੇ ਇਸ ਤਰ੍ਹਾਂ ਜੀਤ ਸਿੰਘ ਦੀ ਜ਼ਿੰਦਗੀ ਖਾਲੀ-ਖਾਲੀ ਹੋ ਗਈ। ਉਹ ਸ਼ਾਮ ਨੂੰ ਥੱਕ-ਟੁੱਟ ਕੇ ਆਉਂਦਾ ਖਾਲੀ ਘਰ ਉਸ ਨੂੰ ਖਾਣ ਨੂੰ ਆਉਂਦਾ। ਉਹ ਕਦੇ ਕੁੱਝ ਖਾ ਲੈਂਦਾ, ਕਦੇ ਭੁੱਖਾ ਹੀ ਸੌਂ ਜਾਂਦਾ ਅਜਿਹੇ ਹੀ ਦਿਨਾਂ ਵਿੱਚ ਬਾਪੂ ਜੀ ਉਸ ਨੂੰ ਮਨਾ-ਮਨੂ ਕੇ ਆਪਣੇ ਘਰ ਲੈ ਗਏ। ਫੇਰ ਨੌਕਰੀ ਦੇ ਬਾਕੀ ਵਰ੍ਹੇ ਇਕ ਦੂਜੇ ਦੇ ਸਾਥ ਵਿੱਚ ਕੱਟ ਗਏ। ਜੀਤ ਸਿੰਘ ਨੂੰ ਉਸ ਘਰ ਵਿੱਚ ਪੂਰਾ ਆਦਰ-ਮਾਣ ਮਿਲਦਾ ਸੀ। ਉਹ ਬੱਚਿਆਂ ਦਾ ਚਾਚਾ ਜੀ ਸੀ। ਹਾਂ ਇਹ ਗੱਲ ਵੱਖਰੀ ਸੀ ਕਿ ਬੱਚਿਆਂ ਦੀ ਮਾਂ ਕਦੇ ਉਸ ਦੇ ਸਾਹਮਣੇ ਨਹੀਂ ਸੀ ਹੋਈ। ਇਹ ਵੀ ਬਾਪੂ ਜੀ ਦਾ ਹੀ ਹੁਕਮ ਸੀ ਕਿ ਰੋਟੀ ਭਾਵੇਂ ਕਿੰਨੇ ਹੀ ਬੰਦੇ ਖਾ ਜਾਣ ਪਰ ਘਰ ਦੀ ਸੁਆਣੀ ਤੇ ਬੱਚੀਆਂ ਕਿਸੇ ਨੂੰ ਰੋਟੀ ਨਹੀਂ ਖੁਆਉਣਗੀਆਂ। ਉਨ੍ਹਾਂ ਦਾ ਬੜਾ ਵਧੀਆ ਸਾਥ ਸੀ। ਰਾਤ ਨੂੰ ਕਿੰਨੀ-ਕਿੰਨੀ ਦੇਰ ਤੱਕ ਉਹ ਗੱਲਾਂ ਮਾਰਦੇ ਰਹਿੰਦੇ। ਦਿਨ ਭਰ ਦੀਆਂ ਛੋਟੀਆਂ-ਮੋਟੀਆਂ ਘਟਨਾਵਾਂ, ਉਪਰਲੇ ਅਫ਼ਸਰਾਂ ਦੀਆਂ ਜ਼ਿਆਦਤੀਆਂ, ਹੇਠਲੇ ਮੁਲਾਜ਼ਮਾਂ ਦੀਆਂ ਚੋਰੀਆਂ, ਮਜ਼ਬੂਰੀਆਂ, ਉਹ ਸਭ ਕੁਝ ਇਕ-ਦੂਜੇ ਨਾਲ ਸਾਂਝਾ ਕਰ ਲੈਂਦੇ ਸਨ। ਫਿਰ ਪੰਜਾਬ, ਹਰਿਆਣਾ, ਹਿਮਾਚਲ ਬਣ ਗਏ। ਲਕੀਰਾਂ ਧਰਤੀ ’ਤੇ ਵੱਜੀਆਂ। ਲਕੀਰਾਂ ਨਾਲ ਮਨ ਵੀ ਲਕੀਰੇ ਗਏ। ਬਾਪੂ ਜੀ ਤੇ ਜੀਤ ਸਿੰਘ ਵੀ ਵੱਖਰੇ-ਵੱਖਰੇ ਸੂਬਿਆਂ ਵਿੱਚ ਚਲੇ ਗਏ। ਉਦਾਸੀਆਂ ਦੇ ਬੋਝ ਉਨ੍ਹਾਂ ਨੂੰ ਦਬਾਉਂਦੇ ਚਲੇ ਗਏ। ਉਨ੍ਹਾਂ ਚਾਰ-ਪੰਜ ਸਾਲਾਂ ਵਿੱਚ ਜੀਤ ਸਿੰਘ ਨੇ ਕਦੇ ਢਿੱਡ ਭਰਕੇ ਰੋਟੀ ਨਹੀਂ ਸੀ ਖਾਧੀ ਤੇ ਬਾਪੂ ਜੀ ਦੇ ਚੁੱਲ੍ਹੇ ’ਤੇ ਕਦੇ ਬਰਕਤ ਨਹੀਂ ਸੀ ਦਿੱਸੀ। ਹੋਰ ਕੁਝ ਮਹੀਨਿਆਂ ਬਾਅਦ ਬਾਪੂ ਜੀ ਨੇ ਵੀ ਆਪਣੀ ਫੈਮਿਲੀ ਘਰ ਭੇਜ ਦਿੱਤੀ। ਉਹ ਆਪਣੇ ਆਪ ਨੂੰ ਜੀਤ ਸਿੰਘ ਦੇ ਬਰਾਬਰ ਰੱਖਣਾ ਚਾਹੁੰਦੇ ਸਨ।

ਅਖ਼ੀਰ ਰਿਟਾਇਰ ਹੋ ਕੇ ਦੋਨੋਂ ਜਣੇ ਆਪਣੇ-ਆਪਣੇ ਘਰ ਆ ਗਏ। ਜੀਤ ਸਿੰਘ ਦੀ ਤ੍ਰੀਮਤ ਨੇ ਜਿੱਥੇ ਘਰ ਰਹਿ ਕੇ ਆਪਣੇ ਬੱਚੇ ਪੜ੍ਹਾ ਲਏ ਸਨ, ਘਰ, ਜ਼ਮੀਨ ਨੂੰ ਸੰਭਾਲ ਲਿਆ ਸੀ, ਉਥੇ ਬਾਪੂ ਜੀ ਨੂੰ ਆ ਕੇ ਸਭ ਕੁੱਝ ਕਰਨਾ ਪਿਆ। ਆਰਾਮ ਨਾਲ ਬੈਠ ਕੇ ਚੈਨ ਦੀ ਰਿਟਾਇਰਡ ਜ਼ਿੰਦਗੀ ਬਿਤਾਉਣ ਦਾ ਜੋ ਸੁਪਨਾ ਉਨ੍ਹਾਂ ਨੇ ਦੇਖਿਆ ਸੀ, ਉਹ ਪਤਾ ਨਹੀਂ ਕਿਥੇ ਛਾਈਂ-ਮਾਈਂ ਹੋ ਗਿਆ। ਬਾਪੂ ਜੀ ਨੂੰ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰਨੀ ਪਈ। ਬੜੀਆਂ ਤੰਗੀਆਂ ਪੇਸ਼ ਆਈਆਂ, ਪੈਸੇ-ਟੂਕਰ ਦੀ ਦਿੱਕਤ ਰਹੀ। ਸ. ਜੀਤ ਸਿੰਘ ਨੇ ਅਜਿਹੇ ਵੇਲੇ ਬੜਾ ਸਾਥ ਨਿਭਾਇਆ। ਖੜ੍ਹੇ-ਖੜ੍ਹੇ ਬਾਪੂ ਜੀ ਦਸ, ਵੀਹ ਹਜ਼ਾਰ ਰੁਪਏ ਉਸ ਕੋਲੋਂ ਲੈ ਆਉਂਦੇ, ਵਾਪਸ ਕਰਨ ਦੀ ਕੋਈ ਸ਼ਰਤ ਨਹੀਂ, ਮੰਗਣ ਦਾ ਕੋਈ ਤਕਾਜ਼ਾ ਨਹੀਂ। ਬਾਪੂ ਜੀ ਲਈ ਜ਼ਿੰਦਗੀ ਇਕ ਬੜਾ ਚੈਲੈਂਜ ਬਣ ਕੇ ਸਾਹਮਣੇ ਆਈ ਸੀ। ਉਨ੍ਹਾਂ ਨੇ ਇਕ ਜਵਾਨ ਆਦਮੀ ਵਾਂਗੂੰ ਮਿਹਨਤ ਕੀਤੀ। ਏਨੇ ਸਾਲਾਂ ਬਾਅਦ ਫੇਰ ਹਲ ਦਾ ਮੁੰਨਾ ਫੜ੍ਹਿਆ, ਫੇਰ ਸਿਆੜ ਕੱਢੇ, ਫੇਰ ਫਸਲਾਂ ਬੀਜੀਆਂ, ਵੱਢੀਆਂ। ਡੰਗਰਾਂ ਵੱਛਿਆਂ ਤੋਂ ਸੁੰਨੇ ਵਿਹੜੇ ਵਿੱਚ ਕਈਂ-ਕਈਂ ਮੱਝਾਂ ਗਾਵਾਂ ਲਿਆ ਬੰਨ੍ਹੀਆਂ, ਟਰੈਕਟਰ ਖਰੀਦਿਆ, ਨਵਾਂ ਘਰ ਛੱਤਿਆ, ਮੁੰਡੇ-ਕੁੜੀਆਂ ਵਿਆਹੇ ਤੇ ਇਸ ਤਰ੍ਹਾਂ ਪਿਛਲੇ ਵੀਹ ਸਾਲਾਂ ਵਿੱਚ ਜਿਵੇਂ ਜ਼ਿੰਦਗੀ ਦੇ ਰਾਹ ਵਿੱਚ ਆਉਣ ਵਾਲੀ ਹਰ ਮੁਸ਼ਕਲ ਨੂੰ ਹੱਥ ਕਰਕੇ ਲਿਆ।

ਫੇਰ ਮੁੰਡਿਆਂ ਨੂੰ ਘਰ ਦੀਆਂ, ਜ਼ਮੀਨ ਦੀਆਂ, ਸਭ ਕਾਸੇ ਦੀਆਂ ਵੰਡੀਆਂ ਪਾ ਲਈਆਂ। ਮਾਂ-ਬਾਪ ਨੂੰ ਵੰਡਣ ਤੋਂ ਪਹਿਲਾਂ ਹੀ ਮਾਂ ਨੇ ਇਸ ਸਮਝੌਤੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਉਹ ਸਭ ਨੂੰ ਛੱਡਕੇ ਪ੍ਰਲੋਕ ਸਿਧਾਰ ਗਈ। ਬਾਪੂ ਜੀ ਛੋਟੇ ਪੁੱਤਰ ਕੋਲ ਆ ਕੇ ਰਹਿਣ ਲੱਗ ਪਏ। ਛੋਟਾ ਮੁੰਡਾ ਬਾਪੂ ਜੀ ਵਰਗਾ ਹੀ ਮਿਹਨਤੀ ਸੀ। ਛੋਟੀ ਉਮਰ ਵਿੱਚ ਹੀ ਉਸ ਨੇ ਕੋਠੀ ਬਣਾ ਲਈ, ਕਾਰ ਖਰੀਦ ਲਈ। ਬਾਪੂ ਜੀ ਦਾ ਵੀ ਉਹ ਬਹੁਤ ਧਿਆਨ ਰੱਖਦਾ। ਹੁਣ ਬਾਪੂ ਜੀ ਲਈ ਕੋਈ ਕੰਮ ਨਹੀਂ ਸੀ। ਉਨ੍ਹਾਂ ਦੀ ਅਸਲੀ ਰਿਟਾਇਰਡ ਜ਼ਿੰਦਗੀ ਸ਼ੁਰੂ ਹੋਈ। ਬਾਪੂ ਜੀ ਰਿਸ਼ਤੇਦਾਰਾਂ ਵਿੱਚ ਜਾ ਕੇ ਬਹੁਤੇ ਖੁਸ਼ ਨਹੀਂ ਸੀ ਹੁੰਦੇ। ਹੁਣ ਤਾਂ ਉਨ੍ਹਾਂ ਨੇ ਵਿਆਵਾਂ-ਸ਼ਾਦੀਆਂ ਵਿੱਚ ਜਾਣਾ ਵੀ ਬੰਦ ਕਰ ਦਿੱਤਾ ਸੀ ਪਰ ਇਕ ਦਿਨ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਬੇਟਾ ਪਿੰਡ ਜਾ ਰਿਹਾ ਸੀ ਜਿੱਥੇ ਜੀਤ ਸਿੰਘ ਸੀ, ਉਹ ਵੀ ਝੱਟ ਜਾਣ ਲਈ ਤਿਆਰ ਹੋ ਗਏ। ਬੇਟੇ ਦਾ ਆਪਣਾ ਟੱਬਰ ਹੀ ਗੱਡੀ ਲਈ ਪੂਰਾ ਸੀ ਪ੍ਰੰਤੂ ਬਾਪੂ ਜੀ ਨੇ ਬਿਨਾਂ ਇਸ ਗੱਲ ਦੀ ਪ੍ਰਵਾਹ ਕੀਤਿਆਂ ਗੱਡੀ ਵਿੱਚ ਆਪਣੀ ਥਾਂ ਸੁਰੱਖਿਅਤ ਕਰ ਲਈ। ਸ਼ਾਮ ਨੂੰ ਉਹ ਆਪਣੀ ਵੱਡੀ ਲੜਕੀ ਦੇ ਘਰ ਪੁੱਜੇ। ਬਾਪੂ ਜੀ ਨੂੰ ਮਸੀਂ-ਮਸੀਂ ਦਿਨ ਚੜ੍ਹਿਆ। ਸਵੇਰੇ ਹੀ ਉਹ ਜੀਤ ਸਿੰਘ ਦੇ ਘਰ ਜਾ ਪੁੱਜੇ। ਘੁੱਟ-ਘੁੱਟ ਕੇ ਇਕ ਦੂਜੇ ਨੂੰ ਮਿਲੇ। ਫੇਰ ਜੀਤ ਸਿੰਘ ਨੂੰ ਨਾਲ ਲੈ ਕੇ ਤੁਰ ਪਏ। ਬੈਂਕ ਗਏ, ਪੈਨਸ਼ਨ ਲਈ, ਫੇਰ ਗੁਰਦੁਆਰੇ ਗਏ, ਕਿੰਨਾ ਚਿਰ ਨਹਿਰ ਕੰਢੇ ਬੈਠੇ ਰਹੇ। ਇਸੇ ਤਰ੍ਹਾਂ ਹੱਸਦੇ-ਖੇਡਦਿਆਂ ਉਨ੍ਹਾਂ ਨੇ ਚਾਰ ਦਿਨ ਬਿਤਾਏ। ਪਤਾ ਨਹੀਂ ਕਿੰਨੀਆਂ-ਕਿੰਨੀਆਂ ਗੱਲਾਂ ਕੀਤੀਆਂ, ਆਪਣੀ ਮਰਜ਼ੀ ਦਾ ਖਾਣਾ ਬਣਾ ਕੇ ਖਾਧਾ, ਦਿਨ ਭਰ ਜੁਆਨ-ਜਹਾਨ ਸਹੇਲੀਆਂ ਦੀ ਤਰ੍ਹਾਂ ਘੁੰਮਦੇ ਫਿਰਦੇ ਰਾਤ ਨੂੰ ਕੱਠੇ ਦਾਰੂ ਪੀਂਦੇ ਤੇ ਪੁਰਾਣੀਆਂ ਗੱਲਾਂ ਕਰ-ਕਰ ਕੇ ਕਦੇ ਹੱਸਦੇ ਕਦੇ ਰੋਂਦੇ। ਫੇਰ ਉਹ ਵਿਛੜ ਗਏ ਕਿਉਂਕਿ ਮੁੰਡੇ ਨੇ ਵਾਪਸ ਆਪਣੇ ਸ਼ਹਿਰ ਪਰਤਣਾ ਸੀ। ਕੋਈ ਜੱਫੀਆਂ ਪਾਈਆਂ ਉਨ੍ਹਾਂ ਨੇ ਵਿਛੜਨ ਲੱਗਿਆਂ, ਰੋ- ਰੋ ਕੇ ਇਕ-ਦੂਜੇ ਦੇ ਗੱਲ ਨੂੰ ਚੰਬੜ ਗਏ, ਅੱਡ ਕਰਨਾ ਔਖਾ ਹੋ ਗਿਆ। ਫੇਰ ਉਹੀ ਦੂਰੀਆਂ, ਫੇਰ ਬਾਪੂ ਜੀ ਦਾ ਉਵੇਂ ਕਲਿਆਂ-ਕਲਿਆਂ ਰਹਿਣਾ ਤੇ ਬਾਪੂ ਜੀ ਉਦਾਸ ਰਹਿਣ ਲੱਗ ਪਏ। ਬੋਲਣਾ ਘੱਟ ਕਰ ਦਿੱਤਾ। ਜੀਤ ਸਿੰਘ ਤਾਂ ਸ਼ਾਇਦ ਜ਼ਿਆਦਾ ਹੀ ਉਦਾਸ ਹੋ ਗਿਆ ਸੀ ਜਾਂ ਉਸ ਦੀ ਉਮਰ ਮੁੱਕ ਗਈ। ਵਿਛੜਣ ਤੋਂ ਅਗਲੇ ਮਹੀਨੇ ਹੀ ਉਹ ਰੱਬ ਨੂੰ ਪਿਆਰਾ ਹੋ ਗਿਆ। ਬਾਪੂ ਜੀ ਦੀ ਸਿਹਤ ਪਹਿਲਾਂ ਹੀ ਕਾਫੀ ਗਿਰ ਗਈ ਸੀ, ਸੋ ਹੋਰ ਵਿਗੜਣ ਦੇ ਡਰ ਤੋਂ ਇਹ ਗੱਲ ਉਨ੍ਹਾਂ ਤੋਂ ਛੁਪਾ ਲਈ ਗਈ। ਘਰ ਵਾਲੇ ਡਰਦੇ ਜੀਤ ਸਿੰਘ ਦੀ ਗਲ ਨਾ ਕਰਦੇ ਕਿ ਕਿਤੇ ਮੂੰਹ 'ਚੋਂ ਨਿਕਲ ਹੀ ਨਾ ਜਾਏ। ਬਾਪੂ ਜੀ ਅਕਸਰ ਜੀਤ ਸਿੰਘ ਦਾ ਜ਼ਿਕਰ ਕਰਦੇ, ਉਸ ਨੂੰ ਚਿੱਠੀ ਲਿਖਣ ਲਈ ਕਹਿੰਦੇ, ਫੇਰ ਉਸ ਦੇ ਕੋਲ ਜਾਣ ਦੀ ਜ਼ਿੱਦ ਕਰਦੇ। ਆਖ਼ਿਰ ਘਰ ਦਿਆਂ ਨੇ ਕਹਿ ਦਿੱਤਾ ਕਿ ਉਹ ਦਿੱਲੀ ਆਪਣੇ ਵੱਡੇ-ਮੁੰਡੇ ਕੋਲ ਚਲਾ ਗਿਆ ਹੈ ਜੋ ਉੱਥੇ ਬਿਜਲੀ ਬੋਰਡ ਵਿੱਚ ਐਸ.ਡੀ.ਓ. ਲੱਗਾ ਹੋਇਆ ਹੈ। ਸੁਣ ਕੇ ਬਾਪੂ ਜੀ ਇਕ ਦਮ ਚੁੱਪ ਕਰ ਗਏ।

ਉਨ੍ਹਾਂ ਨੇ ਮੁੜ ਕੇ ਜੀਤ ਸਿੰਘ ਦਾ ਕਦੇ ਜ਼ਿਕਰ ਨਾ ਕੀਤਾ। ਉਂਜ ਉਨ੍ਹਾਂ ਦੀ ਭੁੱਖ ਮਰ ਗਈ ਸੀ, ਜੀਣ ਦਾ ਉਤਸ਼ਾਹ ਮੁੱਕ ਗਿਆ ਸੀ। ਕੋਈ ਨਾ ਕੋਈ ਬਿਮਾਰੀ ਉਨ੍ਹਾਂ ਦੇ ਸਿਰਾਣੇ ਬੈਠੀ ਹੀ ਰਹਿੰਦੀ। ਕਦੇ ਖੰਘ, ਕਦੇ ਬੁਖਾਰ, ਛਾਤੀ ਵਿੱਚ ਦਰਦ ਕਦੇ ਹਾਈ ਬੀ.ਪੀ. ਕਦੇ ਲੋ ਬੀ.ਪੀ. ਪੂਰਾ ਇਲਾਜ ਕਰਵਾਇਆ ਜਾਂਦਾ। ਲੇਕਿਨ ਬਾਪੂ ਜੀ ਠੀਕ ਹੋਣ ਲਈ ਕਦੇ ਉਤਾਵਲੇ ਨਾ ਹੁੰਦੇ। ਕਿਸੇ ਨਾਲ ਉਨ੍ਹਾਂ ਦਾ ਬੋਲਣ ਨੂੰ ਜੀਅ ਨਾ ਕਰਦਾ, ਕੋਈ ਬੋਲਦਾ ਤਾਂ ਉਸ ਦਾ ਉੱਤਰ ਨਾ ਦੇਂਦੇ। ਹੁਣ ਤਾਂ ਸਭ ਏਹੀ ਲੱਗਣ ਲੱਗ ਪਿਆ ਸੀ ਕਿ ਉਹ ਉੱਚਾ ਸੁਣਨ ਲੱਗ ਪਏ ਹਨ। ਘਰ ਵਾਲੇ ਉਨ੍ਹਾਂ ਕੋਲ ਬੈਠੇ-ਬੈਠੇ ਆਪਣੀਆਂ ਗੱਲਾਂ ਕਰੀ ਜਾਂਦੇ। ਕਈ ਵਾਰੀ ਉਨ੍ਹਾਂ ਦੀਆਂ ਬੁਲਾਰੀਆਂ ਵੀ ਕਰਨ ਲੱਗ ਪੈਂਦੇ, ਪਰ ਉਹ ਕਦੇ ਧਿਆਨ ਨਾ ਦੇਂਦੇ, ਕਦੇ ਕੁੱਝ ਨਾ ਬੋਲਦੇ ਤੇ ਨਾ ਹੀ ਕੋਈ ਪ੍ਰਤੀਕ੍ਰਿਆ ਜ਼ਾਹਰ ਕਰਦੇ।

ਇਕ ਦਿਨ ਬੇਟੇ ਦੀ ਬਹੂ ਕੋਈ ਗੱਲ ਕਰ ਰਹੀ ਸੀ। ਬਾਪੂ ਜੀ ਕੋਲੇ ਬੈਠੇ ਸਨ। ਉਨ੍ਹਾਂ ਦੇ ਭਾਣੇ ਤਾਂ ਉਹ ਉੱਚਾ ਸੁਣਦੇ ਸੀ। ਪੈਸਿਆਂ ਦੀ ਲੋੜ ਸੀ, ਸ਼ਾਇਦ ਕੁਝ ਜ਼ਿਆਦਾ ਰੁਪਏ ਚਾਹੀਦੇ ਸਨ। ਗੱਲਾਂ-ਗੱਲਾਂ ਵਿੱਚ ਉਹ ਬੋਲੀ, "ਹੁਣ ਤਾਂ ਜੀਤ ਸਿੰਘ ਚਾਚਾ ਜੀ ਵੀ ਜਿਉਂਦਾ ਨਹੀਂ ਜੋ ਦਸ-ਵੀਹ ਹਜ਼ਾਰ ਉਸੇ ਕੋਲੋਂ ਫੜ ਲੈਂਦੇ।" ਬਾਪੂ ਜੀ ਨੇ ਝੱਟ ਜਵਾਬ ਦਿੱਤਾ, "ਫੇਰ ਕੀ ਹੋਇਆ ਜੇ ਜੀਤ ਸਿੰਘ ਜਿਉਂਦਾ ਨਹੀਂ। ਮੈਂ ਤਾਂ ਹਾਲੇ ਬੈਠਾ ਹਾਂ। ਦੱਸੋ ਕਿੰਨੇ ਰੁਪਏ ਚਾਹੀਦੇ ਹਨ।" ਬੇਟਾ ਤੇ ਬਹੂ ਤਾਂ ਹੱਕੇ-ਬੱਕੇ ਰਹਿ ਗਏ। ਬਾਪੂ ਜੀ ਝੱਟ ਬੋਲ ਪਏ, "ਤੁਸੀਂ ਕੀ ਸੋਚਦੇ ਸੀ ਕਿ ਜੀਤ ਸਿੰਘ ਦੀ ਮੌਤ ਬਾਰੇ ਤੁਸੀਂ ਨਹੀਂ ਦੱਸਿਆ ਤਾਂ ਮੈਨੂੰ ਪਤਾ ਨਹੀਂ ਲੱਗਿਆ। ਭਲਿਓ ਲੋਕੋ, ਜਿਹੜਾ ਬੰਦਾ ਮੇਰੇ ਸਾਹ ਵਿੱਚ ਸਾਹ ਲੈਂਦਾ ਹੋਵੇ, ਜੋ ਏਨੇ ਸਾਲ ਮੇਰੀ ਰੂਹ ਦਾ ਹਿੱਸਾ ਬਣਿਆ ਰਿਹਾ, ਉਸ ਦਾ ਜਾਣਾ ਮੇਰੇ ਕੋਲੋਂ ਗੁੱਝਾ ਰਹਿ ਜਾਵੇਗਾ? ਤੁਹਾਨੂੰ ਕੀ ਪਤਾ, ਉਸ ਨੇ ਤਾਂ ਮੈਨੂੰ ਉਸੇ ਦਿਨ ਦੱਸ ਦਿੱਤਾ ਸੀ ਜਦ ਮੈਂ ਉਸ ਦੇ ਕੋਲੋ ਵਿਛੜਿਆ ਸਾਂ। ਮੇਰੇ ਲਈ ਤਾਂ ਉਹ ਉਸੇ ਦਿਨ ਏਸ ਦੁਨੀਆ ਤੋਂ ਤੁਰ ਗਿਆ ਸੀ। ਤੁਸੀਂ ਕਿੰਨੇ ਭੋਲੇ ਹੋ।" ਤੇ ਬਾਪੂ ਜੀ ਦੀਆਂ ਅੱਖਾਂ ਵਿੱਚੋਂ ਟਪ-ਟਪ ਅੱਥਰੂ ਵਗ ਤੁਰੇ ਸਨ। ਉਹ ਕੰਧ ਵੱਲ ਨੂੰ ਮੂੰਹ ਕਰਕੇ ਲੇਟ ਗਏ। ਏਸ ਵੇਲੇ ਉਹ ਅੱਸੀਆਂ ਵਰ੍ਹਿਆਂ ਦੇ ਨਹੀਂ ਬਲਕਿ ਅੱਠਾਂ-ਦਸਾਂ ਵਰ੍ਹਿਆਂ ਦੇ ਬੱਚੇ ਲੱਗ ਰਹੇ ਸਨ, ਜਿਸ ਦਾ ਸਾਥੀ ਕਿਸੇ ਅਜਿਹੀ ਥਾਂ ਗੁਆਚ ਗਿਆ ਸੀ ਜਿਥੋਂ ਉਸ ਨੇ ਮੁੜ ਕੇ ਕਦੇ ਲੱਭਣਾ ਨਹੀਂ ਨਹੀਂ ਸੀ।

● ● ●

**100 ਕਿਲੋ ਅਨਾਜ ਦਾ ਬੋਰਾ ਜੋ ਚੁੱਕ ਸਕਦਾ ਹੈ, ਉਹ ਖਰੀਦ ਨਹੀਂ ਸਕਦਾ ਤੇ ਜਿਹੜਾ ਖਰੀਦ ਸਕਦਾ, ਉਹ ਚੁੱਕ ਨਹੀਂ ਸਕਦਾ।**

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ' ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 40 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਕਰਨਲ ਅਤੇ ਉੱਪਰ ਦੇ ਰੈਂਕ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸੰਪਾਦਕ**

# ਹੋਣਹਾਰ ਨੌਜਵਾਨ ਸੁਖਜਿੰਦਰ ਸਿੰਘ ਗੋਲਡੀ



ਨੌਜਵਾਨ ਪ੍ਰਵਾਸੀ ਕਾਰੋਬਾਰੀ ਅਤੇ ਵਧੀਆ ਕ੍ਰਿਕਟ ਖਿਡਾਰੀ ਨੌਜਵਾਨਾਂ ਲਈ ਰਾਹ ਦਸੇਰਾ ਹੈ ਪਿੰਡ ਫ਼ਤਿਹਗੜ੍ਹ ਸਿਕਰੀ ਜ਼ਿਲ੍ਹਾ ਕਪੂਰਥਲਾ ਦਾ ਇਹ ਨੌਜਵਾਨ ਸੁਖਜਿੰਦਰ ਸਿੰਘ ਗੋਲਡੀ। ਧਾਰਮਿਕ ਅਸਥਾਨਾਂ ਅਤੇ ਸੁੰਦਰ ਸੈਰਗਾਹਾਂ ਦੀ ਯਾਤਰਾ ਕਰਨ ਦਾ ਸ਼ੌਕੀਨ, ਸਭਿਆਚਾਰਕ ਸਮਾਗਮਾਂ ਅਤੇ ਖੇਡ ਮੇਲਿਆਂ ਵਿਚ ਵਿਸ਼ੇਸ਼ ਰੁਚੀ ਰੱਖਦਾ ਹੈ। ਅੱਜਕਲ੍ਹ ਉਹ ਪੈਨਸਿਲਵੇਨੀਆ (ਅਮਰੀਕਾ) ਵਿਚ ਗੈਸ ਸਟੇਸ਼ਨ ਅਤੇ ਸਟੋਰ ਦਾ ਸਫ਼ਲ ਕਾਰੋਬਾਰ ਚਲਾ ਰਿਹਾ ਹੈ। ਲੁਬਾਣਾ ਕੌਮ ਦਾ ਖੁਸ਼ਦਿਲ ਮਿਜਾਜ਼ ਇਹ ਹੋਣਹਾਰ ਨੌਜਵਾਨ ਪ੍ਰਵਾਸੀ ਭਾਈਚਾਰੇ ਵਿਚ ਵੀ ਚੰਗਾ ਅਸਰ ਰਸੂਖ ਰੱਖਦਾ ਹੈ।

ਸੁਖਜਿੰਦਰ ਸਿੰਘ ਗੋਲਡੀ ਦੱਸਦਾ ਹੈ ਕਿ ਉਸ ਨੇ ਦਸਵੀਂ ਤੱਕ ਦੀ ਪੜ੍ਹਾਈ ਸੰਤ ਬਾਬਾ ਮਾਝਾ ਸਿੰਘ ਕਰਮਜੋਤ ਮਾਡਲ ਸੀਨੀਅਰ ਸੈਕੰਡਰੀ ਸਕੂਲ ਮਕਸੂਦਪੁਰ (ਕਪੂਰਥਲਾ) ਤੋਂ ਪ੍ਰਾਪਤ ਕੀਤੀ। ਇਥੇ ਪੜ੍ਹਦਿਆਂ ਉਸ ਨੇ ਖੇਡ ਮੁਕਾਬਲਿਆਂ ਅਤੇ ਸਭਿਆਚਾਰਕ ਸਰਗਰਮੀਆਂ ਵਿਚ ਵੀ ਭਾਗ ਲਿਆ ਅਤੇ ਡੇਰਾ ਬਾਬਾ ਕਰਮ ਸਿੰਘ ਹੋਤੀ ਮਰਦਾਨ ਮਕਸੂਦਪੁਰ ਦੇ ਵਰਤਮਾਨ ਗੱਦੀਨਸ਼ੀਨ ਬਾਬਾ ਰੋਸ਼ਨ ਸਿੰਘ ਹੁਰਾਂ ਪਾਸੋਂ ਕਈ ਮਾਨ-ਸਨਮਾਨ ਵੀ ਪ੍ਰਾਪਤ ਕੀਤੇ। ਦਸਵੀਂ ਪਾਸ ਕਰਨ ਉਪਰੰਤ ਉਹ ਆਪਣੇ ਪਿੰਡ ਲਾਗਲੇ ਸੰਤ ਪ੍ਰੇਮ ਸਿੰਘ ਕਰਮਸਰ ਖ਼ਾਲਸਾ ਕਾਲਜ, ਬੇਗੋਵਾਲ (ਕਪੂਰਥਲਾ) ਵਿਚ ਗਰੈਜੂਏਸ਼ਨ ਦੀ ਪੜ੍ਹਾਈ ਕਰਦਿਆਂ ਕਾਲਜ ਦੀਆਂ ਸਮੂਹ ਸਰਗਰਮੀਆਂ ਵਿਚ ਵੀ ਭਾਗ ਲੈਂਦਾ ਰਿਹਾ। ਉਹ ਦੱਸਦਾ ਹੈ ਕਿ ਸ਼ੁਰੂ ਤੋਂ ਹੀ ਉਹ ਸਮਾਜਿਕ ਗਤੀਵਿਧੀਆਂ ਦੇ ਨਾਲ-ਨਾਲ ਕ੍ਰਿਕਟ ਖੇਡਣ, ਵਧੀਆ ਮੂਵੀਜ਼ ਵੇਖਣ ਅਤੇ ਯਾਤਰਾ ਕਰਨ ਦਾ ਸ਼ੌਕ ਪਾਲਦਾ ਰਿਹਾ ਹੈ।

ਇਸ ਨੌਜਵਾਨ ਦਾ ਕਹਿਣਾ ਹੈ ਕਿ ਉਹ ਆਪਣੀ ਜ਼ਿੰਦਗੀ ਦੇ ਸੁਪਨੇ ਸਾਕਾਰ ਕਰਨ ਲਈ ਅਮਰੀਕਾ ਦੀ ਧਰਤੀ 'ਤੇ ਗਿਆ ਸੀ ਤੇ ਉਹਨਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਉਹ ਸੰਘਰਸ਼ਸ਼ੀਲ ਹੈ। ਗੋਲਡੀ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਬਚ ਕੇ ਰਹਿਣ ਦੀ ਪ੍ਰੇਰਨਾ ਵੀ ਦਿੰਦਾ ਹੈ। ਉਹ ਕਹਿੰਦਾ ਹੈ ਕਿ ਸਾਡੀ ਸਾਫ਼ ਸਥਰੀ ਗਾਇਕੀ ਗੁਆਚਦੀ ਜਾ ਰਹੀ ਹੈ। ਅੱਜਕਲ੍ਹ ਦੇ ਬਹੁਤੇ ਗਾਇਕ ਤਾਂ ਨਸ਼ਿਆਂ, ਹਥਿਆਰਾਂ ਅਤੇ ਗੈਂਗਸਟਰ ਰੁਚੀਆਂ ਦਾ ਪ੍ਰਚਾਰ ਕਰਦੇ ਹੀ ਜਾਪਦੇ ਹਨ। ਪਰ ਉਹ ਕੁਝ ਵਧੀਆ ਗਾਇਕਾਂ ਦੀ ਸਭਿਆਚਾਰਕ ਗਾਇਕੀ ਦੀ ਕਦਰ ਕਰਦਾ ਹੈ।

ਸੁਖਜਿੰਦਰ ਸਿੰਘ ਗੋਲਡੀ ਦੇ ਸ਼ਬਦਾਂ ਅਨੁਸਾਰ ਉਹ ਆਪਣੇ ਇਲਾਕੇ ਦੇ ਨਾਮੀ ਕਬੱਡੀ ਖਿਡਾਰੀਆਂ, ਵਿਦਵਾਨ ਸੱਜਣਾਂ ਅਤੇ ਲੇਖਕਾਂ ਦਾ ਵੀ ਸਤਿਕਾਰ ਕਰਦਾ ਹੈ, ਖ਼ਾਸ ਕਰਕੇ ਸੁਰਿੰਦਰ ਮਕਸੂਦਪੁਰੀ ਦਾ ਜਿਸ ਦੀਆਂ ਕਵਿਤਾਵਾਂ/ਕਹਾਣੀਆਂ ਉਹ ਸਕੂਲ ਟਾਈਮ ਤੋਂ ਹੀ ਪੜ੍ਹਦਾ ਆਇਆ ਹੈ।

**- ਸੁਰਿੰਦਰ ਮਕਸੂਦਪੁਰੀ**

**ਮੋ. 99887-10234**

● ● ●

**ਔਰਤ ਨੂੰ ਦੇਣ ਵਾਲੇ ਤੋਹਫ਼ਿਆਂ ਵਿਚ ਸਭ ਤੋਂ ਬਿਹਤਰ ਚੀਜ਼ ਹੈ ਉਸ ਦਾ ਸਨਮਾਨ ਕਰਨਾ।**

# ਜਾਨਲੇਵਾ ਬਣਦਾ ਜਾ ਰਿਹਾ ਫਾਸਟ ਫੂਡ




ਗੁਰਮੀਤ ਸਿੰਘ
ਪਲਾਹੀ
98158-02070




ਮਨੁੱਖੀ ਸਿਹਤ ਨੂੰ ਬਿਹਤਰ ਬਣਾਉਣ ਲਈ ਦੁਨੀਆ ਭਰ ਵਿੱਚ ਚਿਕਿਤਸਾ ਵਿਗਿਆਨ ਵਿੱਚ ਨਿੱਤ ਖੋਜਾਂ ਹੋ ਰਹੀਆਂ ਹਨ। ਮਨੁੱਖੀ ਸਰੀਰ ਨੂੰ ਬਿਮਾਰੀ ਰਹਿਤ ਬਣਾਉਣ, ਬਿਮਾਰੀਆਂ ਉਪਰੰਤ ਸਰੀਰ ਨੂੰ ਬਚਾਉਣ ਲਈ ਜੰਗੀ ਪੱਧਰ ਉੱਤੇ ਕਦਮ ਚੁੱਕੇ ਜਾ ਰਹੇ ਹਨ ਤਾਂ ਕਿ ਮੌਜੂਦਾ ਦੌਰ ਵਿੱਚ ਮਾਨਵ, ਲੰਮੀ ਅਤੇ ਰੋਗ ਰਹਿਤ ਜ਼ਿੰਦਗੀ ਭੋਗੇ। ਪਰ ਸਾਡੇ ਖਾਣ ਪੀਣ ਦਾ ਰੰਗ ਢੰਗ ਇੰਨੀ ਤੇਜੀ ਨਾਲ ਬਦਲ ਰਿਹਾ ਹੈ, ਜਿਸਦਾ ਨਤੀਜਾ ਸਾਡੇ ਸਰੀਰ ਉੱਤੇ ਉਲਟਾ ਅਸਰ ਪਾ ਰਿਹਾ ਹੈ। ਮਨੁੱਖੀ ਸਰੀਰ ਦੀ ਪਹਿਲ ਤਾਂ ਹੁਣ ਡੱਬਾ ਬੰਦ ਭੋਜਨ, ਠੰਡੀਆਂ ਪੀਣ ਵਾਲੀਆਂ ਚੀਜਾਂ, ਬਿਸਕੁਟ ਚਾਕਲੇਟ ਬਣ ਗਈ ਹੈ, ਜਿਹਨਾਂ ਵਿਚ ਸਰੀਰ ਨੂੰ ਲੋੜੀਂਦੀ ਖੰਡ, ਚਰਬੀ ਦੀ ਮਾਤਰਾ ਦੀ ਭਰਮਾਰ ਹੈ, ਜੋ ਸਰੀਰ ਨੂੰ ਚਾਹੀਦੀ ਮਾਤਰਾ ਤੋਂ ਕਈ ਗੁਣਾ ਵਧੇਰੇ ਹੈ। ਇਹੀ ਸਾਡੀਆਂ ਬਿਮਾਰੀਆਂ ਦਾ ਵੱਡਾ ਕਾਰਨ ਹੈ।

ਮਨੁੱਖੀ ਸਰੀਰ ਦੇ ਪਾਲਣ ਪੋਸ਼ਣ ਅਤੇ ਨਵ ਜੰਮੇ ਬੱਚਿਆਂ ਨੂੰ ਮਾਂ ਦਾ ਦੁੱਧ ਚੁੰਘਾਉਣ ਦੇ ਮਾਮਲਿਆਂ 'ਤੇ ਕੰਮ ਕਰਦੀਆਂ ਦੋ ਸੰਸਥਾਵਾਂ ਨੇ ਇੱਕ ਰਿਪੋਰਟ ਛਾਪੀ ਹੈ, ਜਿਸ ਵਿੱਚ ਫਾਸਟ ਫੂਡ ਜਾਂ ਜੰਕ ਫੂਡ ਸਬੰਧੀ ਇੱਕ ਵਿਸਥਾਰਤ ਰਿਪੋਰਟ ਤਿਆਰ ਕੀਤੀ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਭਾਰਤ ਦੇਸ਼ ਮੋਟਾਪੇ ਅਤੇ ਸ਼ੂਗਰ ਜਿਹੀਆਂ ਗੰਭੀਰ ਬਿਮਾਰੀਆਂ ਕਾਰਨ ਵੱਡੇ ਸਿਹਤ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਹ ਅਤਿਅੰਤ ਚਿੰਤਾ ਦਾ ਵਿਸ਼ਾ ਹੈ।

ਆਈ.ਸੀ.ਐਮ.ਆਰ ਦੇ ਇਕ ਅਧਿਐਨ ਅਨੁਸਾਰ ਭਾਰਤ 'ਚ ਦਸ ਕਰੋੜ ਤੋਂ ਵੱਧ ਲੋਕ ਸ਼ੂਗਰ ਦੇ ਸ਼ਿਕਾਰ ਹਨ। ਇਸ ਅਧਿਐਨ 'ਚ ਇਹ ਵੀ ਲਿਖਿਆ ਗਿਆ ਹੈ ਕਿ ਹਰ ਚਾਰਾਂ ਵਿਚੋਂ ਇਕ ਵਿਅਕਤੀ ਸ਼ੂਗਰ ਅਤੇ ਮੋਟਾਪੇ ਦਾ ਸ਼ਿਕਾਰ ਹੈ। ਅੰਕੜੇ ਦੱਸਦੇ ਹਨ ਕਿ ਪੰਜ ਸਾਲ ਦੀ ਉਮਰ ਤੋਂ ਘੱਟ ਉਮਰ ਦੇ 43 ਲੱਖ ਬੱਚੇ ਮੋਟਾਪੇ ਦੇ ਸ਼ਿਕਾਰ ਹੋ ਚੁੱਕੇ ਹਨ। ਸਾਡੇ ਇਹ ਅੰਕੜੇ ਸਿਹਤ 'ਚ ਆਏ ਵਿਗਾੜ ਅਤੇ ਬੱਚਿਆਂ ਦੀ ਪਾਲਣਾ ਪੋਸ਼ਣਾ 'ਚ ਕਮੀ ਦਾ ਸਪੱਸ਼ਟ ਸੰਕੇਤ ਹਨ। ਕੀ ਇੰਜ ਸਾਡੀ ਅਗਲੀ ਪੀੜ੍ਹੀ ਸਿਹਤਮੰਦ ਨਜ਼ਰ ਆਏਗੀ?

ਨੈਸ਼ਨਲ ਫੈਮਿਲੀ ਹੈਲਥ ਸਰਵੇ ਦਰਸਾਉਂਦਾ ਹੈ ਕਿ ਭਾਰਤ ਦੀਆਂ ਕੁੱਲ ਔਰਤਾਂ ਵਿਚੋਂ 23 ਫੀਸਦੀ ਅਤੇ ਮਰਦਾਂ ਵਿਚੋਂ 22 ਫੀਸਦੀ ਦਾ ਔਸਤਨ ਭਾਰ ਵੱਧ ਹੈ ਅਤੇ 40ਫੀਸਦੀ ਔਰਤਾਂ ਅਤੇ 12 ਫੀਸਦੀ ਮਰਦ ਮੋਟਾਪੇ ਤੋਂ ਪੀੜਤ ਹਨ।

ਅਗਸਤ 2023 ਦੀ ਡਬਲਯੂ ਐੱਚ.ਓ. (ਵਿਸ਼ਵ ਸਿਹਤ ਸੰਸਥਾ) ਦੀ ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿਚ 2011 ਤੋਂ 2021 ਦੇ ਵਿਚਕਾਰ ਹਰ ਵਰ੍ਹੇ ਖਾਣ ਕਰਕੇ ਪਦਾਰਥਾਂ ਦੀ ਵਿਕਰੀ 'ਚ 13.37 ਫ਼ੀਸਦੀ ਵਾਧਾ ਹੋ ਗਿਆ ਹੈ। ਇੰਜ ਭਾਰਤ ਵਿਚ ਵੱਧ ਖਾਣ ਪਦਾਰਥਾਂ ਦੀ ਵਰਤੋਂ 'ਚ ਵਾਧਾ ਮੋਟਾਪੇ ਜਿਹੀਆਂ ਬਿਮਾਰੀਆਂ 'ਚ ਵਾਧਾ ਕਰੇਗਾ। ਕਿਹਾ ਜਾ ਰਿਹਾ ਹੈ ਕਿ 2035 ਤੱਕ ਅੱਧੀ ਦੁਨੀਆਂ ਵੱਧ ਖਾਣ ਪੀਣ ਨਾਲ ਮੋਟਾਪੇ ਦੀ ਲਪੇਟ 'ਚ ਆਏਗੀ।

ਜੇਕਰ ਮੋਟਾਪੇ ਤੋਂ ਬਚਾਅ ਨਾ ਕੀਤਾ ਗਿਆ ਜਾਂ ਫਾਸਟ ਫੂਡ ਉੱਤੇ ਲਗਾਮ ਨਾ ਕੱਸੀ ਗਈ ਤਾਂ ਦੁਨੀਆਂ ਦੇ ਦੋ ਅਰਬ ਲੋਕ ਮੋਟਾਪੇ ਦਾ ਸ਼ਿਕਾਰ ਹੋ ਜਾਣਗੇ। ਇਹ ਗੱਲ ਸਮਝਣ ਵਾਲੀ ਹੈ ਕਿ ਮੋਟਾਪਾ ਮਨੁੱਖੀ ਸਰੀਰ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ, ਸਗੋਂ ਦੇਸ਼ ਦੀ ਆਰਥਿਕਤਾ ਵੀ ਇਸ ਨਾਲ ਪ੍ਰਭਾਵਿਤ ਹੁੰਦੀ ਹੈ। ਜੇਕਰ ਕੁੱਲ ਮਿਲਾ ਕੇ ਚਾਰ ਵਿਅਕਤੀਆਂ ਵਿਚੋਂ ਇਕ ਮੋਟਾਪੇ ਦਾ ਸ਼ਿਕਾਰ ਹੋ ਜਾਏਗਾ, ਦੁਨੀਆ ਭਰ ਵਿਚ ਤਾਂ ਇਹ ਇੱਕ ਅਜੀਬ ਅਤੇ ਵਿਸਫੋਟਕ ਸਥਿਤੀ ਹੋਏਗੀ।

ਆਓ ਨਜ਼ਰ ਮਾਰੀਏ ਜੰਕ ਫੂਡ ਦਾ ਕਾਰੋਬਾਰ ਕਿਵੇਂ ਵੱਧ ਰਿਹਾ ਹੈ?

ਕਿਵੇਂ ਇਹ ਸਾਡੇ ਵਰਤਮਾਨ ਅਤੇ ਭਵਿੱਖ ਨੂੰ ਪ੍ਰਭਾਵਿਤ ਕਰ ਰਿਹਾ ਹੈ? ਇਹ ਜੰਕ ਜਾਂ ਫਾਸਟ ਫੂਡ ਦਾ ਖਾਣ ਪਾਣ ਸਾਡੇ ਕੁਪੋਸ਼ਨ ਨੂੰ ਵਧਾ ਰਿਹਾ ਹੈ। ਭਾਰਤ ਇਸ ਦੇ ਮਾਮਲੇ 'ਚ ਪੂਰੀ ਤਰ੍ਹਾਂ ਸ਼ਿਕੰਜੇ 'ਚ ਹੈ। ਜਾਂ ਇੰਜ ਕਹਿ ਲਈਏ ਕਿ ਵਿਸ਼ਵ ਭਰ ਦੇ ਖਾਣ ਪਾਣ ਵਿਉਪਾਰੀ ਭਾਰਤ 'ਚ ਆਪਣਾ ਭਵਿੱਖ ਵੇਖਦੇ ਹਨ।

ਇਕ ਰਿਪੋਰਟ ਅਨੁਸਾਰ ਦੇਸ਼ ਭਾਰਤ ਦੇ ਅੰਦਰ 80 ਫੀਸਦੀ ਤੋਂ ਵੱਧ ਬੱਚੇ "ਲੁਕਵੀ ਭੁੱਖ" ਦਾ ਸ਼ਿਕਾਰ ਹਨ। ਇਹ ਲੁਕਵੀਂ ਭੁੱਖ ਦਾ ਭਾਵ ਹੈ ਕਿ ਬੱਚੇ ਨੂੰ ਜਨਮ ਤੋਂ ਵੀ ਜੰਕ ਫੂਡ ਦੇਣਾ। ਮਾਂ ਦੇ ਦੁੱਧ ਤੋਂ ਵਿਰਵੇ ਰੱਖ ਕੇ ਡੱਬੇ ਦਾ ਦੁੱਧ ਉਹਨਾਂ ਨੂੰ ਦਿੱਤਾ ਜਾਂਦਾ ਹੈ। ਅਜ਼ੀਬ ਕਿਸਮ ਦੇ ਭੋਜਨ ਉਹਨਾਂ ਦੇ ਸਰੀਰ 'ਚ ਧੱਕੇ ਜਾਂਦੇ ਹਨ, ਜਿਵੇਂ ਸੈਰੇਲਿਕ ਆਦਿ ਜਿਨਾਂ ਵਿਚ ਭੋਜਨ ਦੇ ਉਹ ਤੱਤ ਨਹੀਂ ਮਿਲਦੇ ਜਿਹੜੇ ਕੁਦਰਤੀ ਭੋਜਨ ਦਾਲ ਦਾ ਪਾਣੀ, ਸੂਜੀ ਦੀ ਖੀਰ ਆਦਿ ਪਦਾਰਥਾਂ ਤੋਂ ਮਿਲਦੇ ਹਨ। ਜਿਸ ਕਾਰਨ ਬੱਚੇ ਕੁਪੋਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ।

ਇਹੋ ਜਿਹਾ ਜੰਕ ਫੂਡ ਅਤੇ ਫਾਸਟ ਫੂਡ ਦੇ ਮਨੁੱਖੀ ਸਰੀਰ ਉੱਤੇ ਭੈੜੇ ਪ੍ਰਭਾਵ ਨੂੰ ਵੇਖਦਿਆਂ ਹੋਇਆਂ ਦਿੱਲੀ ਦੇ ਹਾਈਕੋਰਟ ਨੇ ਭਾਰਤੀ ਖਾਧ ਸੁਰੱਖਿਆ ਸੰਸਥਾ ਨੂੰ ਸਕੂਲਾਂ ਅਤੇ ਉਹਨਾਂ ਦੀ ਨਜ਼ਦੀਕ ਵਾਧੂ ਚਰਬੀ ਵਾਲੇ, ਲੂਣ ਅਤੇ ਖੰਡ ਵਾਲੇ ਪਦਾਰਥਾਂ ਦੀ ਵਿਕਰੀ ਉੱਤੇ ਰੋਕ ਲਾਗੂ ਕਰਨ ਦੇ ਹੁਕਮ ਦਿੱਤੇ ਸਨ। ਪਰ ਬਹੁਤ ਸਾਰੇ ਹੋਰ ਹੁਕਮਾਂ ਵਾਂਗਰ ਹੀ ਇਹ ਹੁਕਮ, ਕਦੇ ਵੀ ਲਾਗੂ ਨਹੀਂ ਹੋ ਸਕਿਆ। ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਦੇਸ਼ ਦੀ 80 ਕਰੋੜ ਵਸੋਂ ਨੂੰ ਸਰਕਾਰ ਰਾਸ਼ਟਰ ਖਾਧ ਸੁਰੱਖਿਆ ਐਕਟ ਅਨੁਸਾਰ ਭਾਰਤ ਸਰਕਾਰ ਜੋ ਭੋਜਨ ਮੁਹੱਈਆ ਕਰਦੀ ਹੈ, ਉਹ ਕਿੰਨਾ ਕੁ ਪੋਸ਼ਕ ਹੈ ਅਤੇ ਸਕੂਲਾਂ, ਆਂਗਨਵਾੜੀਆਂ 'ਚ ਦਿੱਤਾ ਜਾਂਦਾ ਭੋਜਨ ਕੀ ਬੱਚੇ ਦੇ ਸਰੀਰਕ ਵਾਧੇ ਲਈ ਕਾਫ਼ੀ ਹੈ?

ਭੋਜਨ ਅਤੇ ਜਾਂਚ ਏਜੰਸੀ ਅਨੁਸਾਰ ਦੇਸ਼ ਦੇ ਅੰਦਰ 2019 ਤੱਕ ਡੱਬਾ ਬੰਦ ਖਾਣੇ ਦੀ ਸੰਖਿਆ 25 ਫੀਸਦੀ ਸੀ, ਜੋ 2022 ਤੱਕ 40 ਫੀਸਦੀ ਨੂੰ ਪਾਰ ਕਰ ਚੁੱਕੀ ਹੈ। ਇਸ ਤਰ੍ਹਾਂ ਡੱਬਾ ਬੰਦ ਭੋਜਨ ਦੀ ਉਪਲੱਧਤਾ ਵਿਚ ਸਾਡਾ ਦੇਸ਼ ਦੁਨੀਆ ਭਰ 'ਚ 13ਵੇਂ ਨੰਬਰ ਤੇ ਪੁੱਜ ਗਿਆ ਹੈ। ਜਦਕਿ ਅਮਰੀਕਾ ਅਤੇ ਬਰਤਾਨੀਆ ਪਹਿਲੇ ਦਰਜ਼ੇ 'ਤੇ ਹਨ। ਜੰਕ ਕਾਰੋਬਾਰ ਪੂਰੀ ਤੇਜ਼ੀ ਨਾਲ ਵਧ ਫੁਲ ਰਿਹਾ ਹੈ, 2021 ਤੱਕ ਵਿਸ਼ਵ ਪੱਧਰ 'ਤੇ ਜੰਕ ਬਜ਼ਾਰ 5775 ਕਰੋੜ ਰੁਪਏ ਸੀ ਜੋ 2030 ਤੱਕ 7900 ਕਰੋੜ ਪੁੱਜਣ ਦਾ ਅੰਦਾਜ਼ਾ ਹੈ।

ਇਸ ਸਭ ਕੁਝ ਦੇ ਵਿਚਕਾਰ ਬਹੁਤੇ ਫਿਕਰ ਵਾਲੀ ਗੱਲ ਇਹ ਹੈ ਕਿ ਜਿਹੜੇ 43 ਫੀਸਦੀ ਡੱਬਾ ਬੰਦ ਭੋਜਨ ਮਿਲਦੇ ਹਨ, ਉਹਨਾਂ ਵਿਚੋਂ ਇਕ ਤਿਹਾਈ ਵਿਚ ਖੰਡ, ਚਰਬੀ, ਸੋਡੀਅਮ ਦੀ ਮਾਤਰਾ ਸਥਾਪਿਤ ਭੋਜਨ ਮਾਣਕਾਂ ਤੋਂ ਵੱਧ ਹੈ। ਇਹ ਦਿਲ ਦੀਆਂ ਬਿਮਾਰੀਆਂ ਲਈ ਜਾਨਲੇਵਾ ਹੈ। ਜੰਕ ਫੂਡ ਦਾ ਅਸਰ ਬੱਚਿਆਂ ਦੀ ਸਿਹਤ ਉੱਤੇ ਸਭ ਤੋਂ ਵੱਧ ਹੈ।

ਬੱਚੇ ਜੰਕ ਫੂਡ ਦੀ ਵਰਤੋਂ ਕਰਕੇ ਬੇਡੋਲ ਬਣਦੇ ਹਨ, ਉਹਨਾਂ ਦੇ ਸਰੀਰ ਨੂੰ ਬਿਮਾਰੀਆਂ ਛੋਟੀ ਉਮਰ ਵਿਚ ਹੀ ਪ੍ਰੇਸ਼ਾਨ ਕਰਨ ਲੱਗਦੀਆਂ ਹਨ। ਉਂਜ ਵੀ ਜੰਕ ਫੂਡ ਦੇ ਨਾਲ-ਨਾਲ ਮੋਬਾਇਲ ਫੋਨ, ਇੰਟਰਨੈੱਟ, ਟੀ. ਵੀ. ਦੀ ਵਧ ਵਰਤੋਂ ਉਹਨਾਂ ਦੇ ਸਰੀਰ ਉੱਤੇ ਭੈੜਾ ਅਸਰ ਪਾਉਂਦੀ ਹੈ। ਬਾਲਗਾਂ ਉਤੇ ਵੀ ਜੰਕ ਫੂਡ ਦਾ ਅਸਰ ਘੱਟ ਨਹੀਂ ਹੈ।

ਜੰਕ ਫੂਡ ਦੇ ਭੈੜੇ ਪ੍ਰਭਾਵ ਦੇਖੋ। ਇਸ ਦੀ ਪੈਦਾਵਾਰ ਹੈ ਮੋਟਾਪਾ ਜਿਸ ਕਾਰਨ, ਦੁਨੀਆ ਭਰ ਵਿਚ ਹਰ ਸਾਲ ਲਗਭਗ 50 ਲੱਖ ਲੋਕ ਮਰ ਜਾਂਦੇ ਹਨ। ਤਸਵੀਰ ਦਾ ਦੂਜਾ ਪੱਖ ਹੋਰ ਵੀ ਤਕਲੀਫਦੇਹ ਹੈ। ਗਲੋਬਲ ਨਿਊਟ੍ਰੀਸ਼ਨ 2020 ਦੇ ਪ੍ਰਾਪਤ ਅੰਕੜਿਆਂ ਅਨੁਸਾਰ 82 ਕਰੋੜ ਲੋਕਾਂ ਨੂੰ ਪੇਟ ਭਰ ਭੋਜਨ ਨਸੀਬ ਨਹੀਂ ਹੁੰਦਾ। ਇਸ ਅਨੁਪਾਤ ਨਾਲ ਵੇਖੀਏ ਤਾਂ 9 ਵਿਚੋਂ ਇਕ ਵਿਅਕਤੀ ਭੁੱਖਮਰੀ ਦੀ ਮਾਰ ਝੱਲ ਰਿਹਾ ਹੈ। ਫਿਰ ਵੀ ਦੇਸ਼ ਵਿਚ ਮੋਟਾਪਾ ਕਿਸੇ ਵੀ ਬਿਮਾਰੀ ਵਾਂਗਰ ਫੈਲ ਰਿਹਾ ਹੈ। ਕੁਝ ਲੋਕ ਢਿੱਡ ਤੂਸਕੇ ਖਾਂਦੇ ਹਨ ਅਤੇ ਕੁਝ ਨੂੰ ਪੇਟ ਉੱਤੇ ਕੱਪੜਾ ਬੰਨ੍ਹ ਕੇ ਸਮਾਂ ਸਾਰਨਾ ਪੈਂਦਾ ਹੈ।

ਜੰਕ ਫੂਡ ਦੁਨੀਆ ਭਰ 'ਚ ਫੈਲਿਆ ਹੋਇਆ ਹੈ। ਦੁਨੀਆ ਭਰ ਦੀਆਂ ਵੱਡੀਆਂ ਕੰਪਨੀਆਂ ਡੱਬਾ ਬੰਦ ਭੋਜਨ, ਪੀਣ ਵਾਲੇ ਪਦਾਰਥਾਂ ਸਮੇਤ ਬਣਾ ਰਹੀਆਂ ਹਨ। ਇਸ ਕਾਰੋਬਾਰ ਲਈ ਵੱਡੀ ਪੱਧਰ ਉੱਤੇ ਇਸ਼ਤਿਹਾਰਬਾਜ਼ੀ ਹੁੰਦੀ ਹੈ ਅਤੇ ਮਨੁੱਖਾਂ ਨੂੰ ਲੋਭਿਤ ਕਰਨ ਲਈ ਇਹਨਾਂ ਪਦਾਰਥਾਂ ਨੂੰ ਆਕਰਸ਼ਕ ਢੰਗ ਨਾਲ ਪੈਕਟਾਂ ਵਿਚ ਲੋਕਾਂ ਅੱਗੇ ਪੇਸ਼ ਕੀਤਾ ਜਾਂਦਾ ਹੈ। ਇਹ ਅਸਲ ਅਰਥਾਂ 'ਚ ਕਾਰਪੋਰੇਟ ਜਗਤ ਦਾ ਇਕ ਕ੍ਰਿਸ਼ਮਾ ਹੈ। ਕਾਰਪੋਰੇਟੀਏ ਵੱਧ ਧਨ ਕਮਾਉਣ ਲਈ ਮਨੁੱਖ ਨੂੰ ਜੰਕ ਫੂਡ ਦੇ ਰਾਹ ਪਾਉਂਦੇ ਹਨ ਅਤੇ ਇਸੇ ਤਰ੍ਹਾਂ ਜੰਕ ਫੂਡ ਨਾਲ ਹੁੰਦੀਆਂ ਬਿਮਾਰੀਆਂ ਤੋਂ ਬਚਾਅ ਅਤੇ ਇਲਾਜ ਲਈ ਅਗਾਊਂ ਟੀਕੇ, ਮਹਿੰਗੀਆਂ ਦਵਾਈਆਂ ਮਾਰਕੀਟ 'ਚ ਇਹੋ ਕਾਰਪੋਰੇਟ ਕੰਪਨੀਆਂ ਵਾਲੇ ਹੀ ਲਿਆਉਂਦੇ ਹਨ। ਇਹ ਮੁਨਾਫ਼ੀ ਖੋਰੀ ਦੀ ਇੱਕ ਚੇਨ ਹੈ।

ਤੇਜ਼ ਜ਼ਿੰਦਗੀ ਦੇ ਵਹਾਅ 'ਚ ਮਨੁੱਖ ਕੁਦਰਤ ਦੀ ਗੋਦ ਤੋਂ ਵਿਰਵਾ ਕੀਤਾ ਜਾ ਰਿਹਾ ਹੈ। ਮਸ਼ੀਨੀਕਰਨ ਦੇ ਇਸ ਯੁਗ 'ਚ ਮਨੁੱਖ ਇਕ ਮਸ਼ੀਨੀ ਕਲ-ਪੁਰਜਾ ਬਣਾਇਆ ਜਾ ਰਿਹਾ ਹੈ। ਜਿੱਥੇ ਉਸਦੀ ਵਰਤੋਂ ਸਿਰਫ਼ ਲੋੜ ਤੱਕ ਸੀਮਤ ਕੀਤੀ ਜਾ ਰਹੀ ਹੈ

ਮਨੁੱਖ ਦਾ ਕੁਦਰਤ ਨਾਲ ਲਗਾਅ, ਸ਼ੁੱਧ ਹਵਾ ਪਾਣੀ, ਕੁਦਰਤੀ ਫਸਲਾਂ, ਕੁਦਰਤੀ ਖਾਣ ਪਾਣ ਸਭ ਕੁਝ 'ਚ ਲਗਾਤਾਰ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ। ਆਧੁਨਿਕਤਾ ਦੇ ਇਸ ਦੌਰ 'ਚ ਮਨੁੱਖੀ ਸਿਹਤ ਨਾਲ ਖਿਲਵਾੜ, ਜੀਵਨ ਸ਼ੈਲੀ 'ਚ ਤਬਦੀਲੀ ਗੰਭੀਰ ਬਿਮਾਰੀਆਂ ਦਾ ਕਾਰਨ ਬਣੀ ਹੋਈ ਹੈ ਜਾਂ ਬਣਾਈ ਜਾ ਰਹੀ ਹੈ। ਜੰਕ ਫੂਡ ਇਸ ਸਭ ਕੁਝ ਦਾ ਵੱਡਾ ਹਥਿਆਰ ਹੈ।

ਮਨੁੱਖ ਨੂੰ ਕੁਦਰਤ ਨਾਲ ਪ੍ਰੇਮ, ਆਪਣੇ ਸਰੀਰ ਅਤੇ ਸੋਚ ਨਾਲ ਲਗਾਓ ਵੱਲ ਵਧ ਕੇਂਦਰਤ ਹੋਣਾ ਪਵੇਗਾ ਤਾਂ ਕਿ ਆਪਣੇ ਭਵਿੱਖ, ਆਪਣੀ ਔਲਾਦ ਨੂੰ ਉਹ ਸਿਹਤਮੰਦ ਅਤੇ ਨਰੋਆ ਬਣਾ ਸਕੇ।

# ਅਪਾਹਜ

ਸਤਵਿੰਦਰ ਸਿੰਘ ਬੇਗੋਵਾਲੀਆ

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਪ੍ਰਧਾਨ** : ਪਰ ਮੈਂ ਕੋੜਕੂ ਰਹਿਣ ਨਹੀਂ ਦੇਣਾ ਕੋਈ, ਭਾਵੇਂ ਉਹਨਾਂ ਦਾ ਮੂੰਹ ਬੰਦ ਕਰਨ ਵਾਸਤੇ ਨੋਟਾਂ ਦੀਆਂ ਦੱਥੀਆਂ ਨਾ ਸੁੱਟਣੀਆਂ ਪੈਣ। ਮੈਂ ਟੋਏ ਟਿੱਬੇ ਪਸੰਦ ਨਹੀਂ ਕਰਦਾ।

**ਸੇਵਾਦਾਰ** : ਪ੍ਰਧਾਨ ਜੀ, ਪਿੰਡ ਵਿਚ ਟੋਇਆ ਟਿੱਬਾ ਤਾਂ ਤੁਸੀਂ ਰਹਿਣ ਈ ਨਹੀਂ ਦਿੱਤਾ, ਹਰ ਗਲੀ ਹਰ ਥਾਂ ਪੱਧਰਾ ਕਰ ਦਿੱਤੈ।

**ਪ੍ਰਧਾਨ** : ਤੂੰ ਮੇਰੀ ਗੱਲ ਸਮਝਿਆ ਨਹੀਂ। (ਸੋਚਦਾ ਹੋਇਆ) ਤੂੰ ਜੋ ਸਮਝਿਐ, ਦਰੁੱਸਤ ਸਮਝਿਐ, ਜੋ ਮੈਂ ਕਿਹਾ ਏ, ਉਹ ਆਪਣੇ ਹਿਸਾਬ ਨਾਲ ਠੀਕ ਕਿਹਾ ਏ।

**ਸੇਵਾਦਾਰ** : ਪਰਵਾਹ ਨਾ ਕਰੋ ਪ੍ਰਧਾਨ ਜੀ, ਤੁਸੀਂ ਆਟੇ ਵਿਚਲੇ ਲੂਣ ਦੀ ਬਾਹਲੀ ਪਰਵਾਹ ਨਾ ਕਰਿਓ, ਹਾਅ ਕੀ ਕਰ ਲੈਣਗੇ?

**ਪ੍ਰਧਾਨ** : ਆਪਣੇ ਵਾਰਡ ਵਿਚ ਕੰਮ ਤੇ ਕੰਮ ਇਸੇ ਕਰਕੇ ਚੱਕੀ ਜਾ ਰਿਹਾਂ ਕਿ ਅਗਲੀ ਇਲੈਕਸ਼ਨ ਵੀ ਇਥੋਂ ਹੀ ਲੜਣੀ ਏ ਤੇ ਇਲੈਕਸ਼ਨ ਜਿੱਤਣੀ ਵੀ ਹਰ ਹਾਲਤ ਵਿਚ, ਨਾਲ ਜਿੱਤਣੀ ਵੀ ਘੱਟੋ ਘੱਟ ਦੋ ਸੌ ਵੋਟਾਂ ਦੇ ਫ਼ਰਕ ਨਾਲ।

**ਸੇਵਾਦਾਰ** : ਤੁਹਾਡੇ ਮੁਕਾਬਲੇ ਕਿਹੜਾ ਖੜ੍ਹਾ ਹੋਊ ਮਾਂ ਦਾ ਲਾਲ? ਪ੍ਰਧਾਨ ਜੀ, ਲੈਕਸ਼ਨ ਲੜੋ ਖੁਸ਼ੀ ਨਾਲ, ਨੋਟਾਂ ਦੇ ਹਾਰ ਤੁਹਾਡੇ ਗਲ ਵਿਚ ਪੈਣੇ ਈ ਪੈਣੇ ਨੇ। ਢੋਲ ਵੱਜਣਗੇ, ਭੰਗੜੇ ਪੈਣਗੇ ਤੇ ਤੁਹਾਡੀ ਜੈ ਜੈ ਕਾਰ ਹੋਵੇਗੀ। ਲੋਕ ਨੱਚ ਨੱਚ ਪਾਗ਼ਲ.....
(ਪ੍ਰਧਾਨ ਦੇ ਮੋਬਾਇਲ ਫ਼ੂਨ ਦੀ ਘੰਟੀ ਖੜਕਦੀ ਹੈ, ਜਿਸ ਨੂੰ ਸੁਣ ਕੇ ਸੇਵਾਦਾਰ ਚੁੱਪ ਹੋ ਜਾਂਦਾ ਹੈ।)

**ਪ੍ਰਧਾਨ** : ਹਾਂ ਜੀ, ਨੇਤਾ ਜੀ ਨਮਸਕਾਰ। ਨਗਰ ਠੀਕ ਏ..... ਕੰਮ ਵਧੀਆ ਚੱਲ ਰਹੇ ਨੇ ਟੌਪੋ ਟੌਪ..... ਗਰਾਂਟ ਦੀ ਥੁੜ ਤੁਹਾਡੇ ਹੁੰਦਿਆਂ ਕਿਵੇਂ ਆਊ..... ਮੈਨੂੰ ਯਾਦ ਏ ਸਭ...... ਜਿਨ੍ਹਾਂ ਹੁਕਮ ਕਰੋਗੇ ਪਹੁੰਚ ਜਾਏਗਾ ਤੁਹਾਡੇ ਪੱਪੂ ਕੋਲ..... ਪੱਪੂ ਹੀ ਕਹਿਣਾ ਠੀਕ ਏ..... ਹਾ.....ਹਾ.....ਹਾ..... ਤੁਹਾਡੀ ਕਿਰਪਾ ਹੋਈ ਤਾਂ ਅਗਲੇ ਪੰਜ ਸਾਲ ਬਹਿਜਾ ਬਹਿਜਾ ਕਰਵਾ ਦਿਆਂਗੇ..... ਚਿੰਤਾ ਨਾ ਕਰਿਓ ਨੇਤਾ ਜੀ।

**ਸੇਵਾਦਾਰ** : ਤੁਹਾਨੂੰ ਟੈਲੀਫ਼ੋਨ ਕਰਨ ਬਿਨਾਂ ਨੇਤਾ ਜੀ ਸੌਂ ਸਕਦੇ ਭਲਾ? ਨਾ ਬਈ ਨਾ, ਨੇਤਾ ਮਾਰਦੈ ਹੋਣੈਂ ਹੁਣ ਘੁਰਾੜੇ ਤੇ ਘੁਰਾੜਾ।

**ਪ੍ਰਧਾਨ** : ਤੂੰ ਥੋੜ੍ਹੀ ਬਿੜਕ ਰੱਖਿਆ ਕਰ, ਕੋਈ ਬੰਦਾ ਸਾਡੇ ਉਲਟ ਚਲਦਾ ਹੋਵੇ ਤਾਂ ਉਸੇ ਟਾਇਮ ਖ਼ਬਰ ਕਰੀਂ। ਮਿੰਟੋ ਮਿੰਟੀ ਸਿੱਧਾ ਕਰ ਦਿਆਂਗਾ। ਵੋਟਾਂ ਦੀ ਸਾਰੀ ਗੱਲ ਏ ਅਗਲੀ ਇਲੈਕਸ਼ਨ 'ਚ।

**ਭਿਖਾਰੀ** : ਸਰਦਾਰ ਜੀ, ਮੇਰੀ ਵੋਟ ਪੱਕੀ ਸਮਝੋ। ਭਾਵੇਂ ਕੋਰੇ ਕਾਗ਼ਜ਼ 'ਤੇ ਹੁਣੇ ਅੰਗੂਠਾ ਲਵਾ ਲਉ।

**ਸੇਵਾਦਾਰ** : ਲਉ ਪ੍ਰਧਾਨ ਜੀ, ਹਾਅ ਇੱਕ ਵੋਟ ਹੁਣੇ ਬਣ ਗਈ।

**ਪ੍ਰਧਾਨ** : (ਭਿਖਾਰੀ ਵੱਲ ਵੇਖ ਕੇ) ਆਹ ਕੁੱਝ ਚਾਹੁੰਦਾ ਜਾਪਦੈ।

**ਸੇਵਾਦਾਰ** : ਦੱਸ ਗੱਲ ਕੀ ਆ? ਦਾਰੂ ਪੀਣੀ ਆ?

**ਭਿਖਾਰੀ** : ਨਾ ਜੀ ਰੋਟੀ ਖਾਣੀ ਏ।

**ਸੇਵਾਦਾਰ** : ਹਾਅ ਕਿਹੜੀ ਗੱਲ ਆ। (ਪ੍ਰਧਾਨ ਨੂੰ) ਹਾਅ ਤਾਂ ਥੋੜ੍ਹੇ ਪਾਣੀ ਦੀ ਮੱਛੀ ਨਿਕਲੀ ਆ। ਢਿੱਡ ਵਿਚ ਚੂਹੇ ਪਏ ਨੱਚਦੇ ਹੋਣੇ ਆ। ਕਿਉਂ ਬਈ ਹਾਅ ਗੱਲ ਆ ਨਾ?

**ਭਿਖਾਰੀ** : ਹਾਂ ਜੀ, ਬੱਸ ਰੋਟੀ ਖਵਾ ਦਿਉ।

**ਸੇਵਾਦਾਰ** : ਅਸਾਂ ਤੇਰੇ ਮੂੰਹ 'ਚ ਤਾਂ ਨਹੀਂ ਪਾਉਣੀ ਚੂਰੀ ਕਰਕੇ। ਦਸ ਰੁਪਏ ਦਵਾ ਦਿਆਂ ਜਵਾਨ?

**ਭਿਖਾਰੀ** : ਜੀ ਬੜ੍ਹੇ ਨੇ। (ਭਿਖਾਰੀ ਖੁਸ਼ ਹੋ ਜਾਂਦਾ ਹੈ)

(ਚਲਦਾ)

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ

1. ਮਹਾਰਾਜਾ ਰਣਜੀਤ ਸਿੰਘ ਨੇ ਨੇਪਾਲ ਦੇ ਗੋਰਖਿਆਂ ਨਾਲ ਕਿਹੜੀ ਲੜਾਈ ਲੜੀ?
   (ੳ) ਸਿਆਲਕੋਟ (ਅ) ਕਾਂਗੜਾ
   (ੲ) ਡੇਰਾ ਗਾਜ਼ੀ ਖਾਂ (ਸ) ਜੰਮੂ (ਅ)
2. ਅੰਮ੍ਰਿਤਸਰ ਦੀ ਲੜਾਈ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਸਾਹਮਣਾ ਕਿਸ ਨਾਲ ਹੋਇਆ?
   (ੳ) ਗੁਲਾਬ ਸਿੰਘ ਭੰਗੀ (ਅ) ਸਾਹਿਬ ਸਿੰਘ ਭੰਗੀ
   (ੲ) ਮਾਈ ਸੁੱਖਾਂ (ਸ) ਮੋਹਰ ਸਿੰਘ ਭੰਗੀ (ੲ)
3. ਕਿਹੜੀ ਲੜਾਈ ਵਿਚ ਅਕਾਲੀ ਸੈਨਾ ਨੇ ਰਣਜੀਤ ਸਿੰਘ ਦਾ ਸਾਥ ਦਿੱਤਾ?
   (ੳ) ਲਾਹੌਰ ਦੀ ਲੜਾਈ (ਅ) ਅੰਮ੍ਰਿਤਸਰ ਦੀ ਲੜਾਈ
   (ੲ) ਭਸੀਨ ਦੀ ਲੜਾਈ (ਸ) ਅਕਾਲਗੜ੍ਹ ਦੀ ਲੜਾਈ (ਅ)
4. ਸਤਲੁਜ ਦੇ ਇਸ ਪਾਰ ਤੋਂ ਕੀ ਭਾਵ ਹੈ?
   (ੳ) ਮਾਲਵਾ ਪ੍ਰਦੇਸ਼ (ਅ) ਮਾਝਾ ਪ੍ਰਦੇਸ਼
   (ੲ) ਬਿਸਤ ਦੁਆਬ ਖੇਤਰ (ਸ) ਸਿੰਧ ਸਾਗਰ ਦੁਆਬ (ੳ)
5. ਅਕਾਲੀ ਫੂਲਾ ਸਿੰਘ ਕਿਹੜੀ ਲੜਾਈ ਵਿਚ ਸ਼ਹੀਦ ਹੋਇਆ?
   (ੳ) ਜਮਰੌਦ ਦੀ ਲੜਾਈ (ਅ) ਨੌਸ਼ਹਿਰਾ ਦੀ ਲੜਾਈ
   (ੲ) ਹਜਰੋ ਦੀ ਲੜਾਈ (ਸ) ਕਾਂਗੜਾ ਦੀ ਲੜਾਈ (ਅ)
6. ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਪਹਿਲੀ ਮਹੱਤਵਪੂਰਨ ਜਿੱਤ ਕਿਹੜੀ ਸੀ?
   (ੳ) ਲਾਹੌਰ ਦੀ (ਅ) ਮੁਲਤਾਨ ਦੀ
   (ੲ) ਅੰਮ੍ਰਿਤਸਰ ਦੀ (ਸ) ਕਸ਼ਮੀਰ ਦੀ (ੳ)
7. ਕਿਹੜੀ ਲੜਾਈ ਦੌਰਾਨ ਮਹਾਰਾਜਾ ਰਣਜੀਤ ਸਿੰਘ ਨੂੰ ਕੋਹਿਨੂਰ ਹੀਰਾ ਪ੍ਰਾਪਤ ਹੋਇਆ?
   (ੳ) ਮੁਲਤਾਨ ਦੀ ਲੜਾਈ (ਅ) ਕਸ਼ਮੀਰ ਦੀ ਲੜਾਈ
   (ੲ) ਪੇਸ਼ਾਵਰ ਦੀ ਲੜਾਈ (ਸ) ਨੌਸ਼ਹਿਰਾ ਦੀ ਲੜਾਈ (ਅ)
8. ਕੋਹਿਨੂਰ ਹੀਰਾ ਇਨਾਮ ਵਜੋਂ ਮਹਾਰਾਜਾ ਰਣਜੀਤ ਸਿੰਘ ਨੂੰ ਕਿਸ ਤੋਂ ਪ੍ਰਾਪਤ ਹੋਇਆ?
   (ੳ) ਵਫਾ ਬੇਗਮ (ਅ) ਸਦਾ ਕੌਰ
   (ੲ) ਸ਼ਾਹ ਜਮਾਨ (ਸ) ਨਾਦਰ ਸ਼ਾਹ (ੳ)
9. ਮਹਾਰਾਜਾ ਰਣਜੀਤ ਸਿੰਘ ਸਮੇਂ ਮਰਾਠਿਆਂ ਦਾ ਪ੍ਰਸਿੱਧ ਨੇਤਾ ਕੌਣ ਸੀ?
   (ੳ) ਦੌਲਤ ਰਾਉ ਸਿੰਧੀਆ (ਅ) ਜਸਵੰਤ ਰਾਉ ਹੋਲਕਰ
   (ੲ) ਸੰਭਾ ਜੀ (ਸ) ਵਿਸ਼ਵਾਸ ਰਾਓ (ੳ)
10. ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਕਿੱਥੇ ਹੋਈ?
   (ੳ) ਆਨੰਦਪੁਰ ਸਾਹਿਬ (ਅ) ਹਰਿਮੰਦਰ ਸਾਹਿਬ
   (ੲ) ਲਾਹੌਰ (ਹ) ਗੁੱਜ਼ਰਾਂਵਾਲਾ (ੲ)

# ਬੁਢਾਪੇ ਵਿਚ ਵੀ ਰਹੋ ਚੁਸਤ-ਦਰੁਸਤ

ਸੁਨੀਤਾ

ਆਪਣੇ ਸਰੀਰ ਨੂੰ ਸਰਗਰਮ ਰੱਖਣ ਲਈ ਵੱਧ ਤੋਂ ਵੱਧ ਪੈਦਲ ਚੱਲੋ ਅਤੇ ਕਸਰਤ ਦੇ ਨਿਯਮਾਂ ਨੂੰ ਆਪਣੀ ਰੋਜ਼ਮਰਾ ਵਿਚ ਸ਼ਾਮਿਲ ਕਰੋ। ਜਵਾਨੀ ਵਿਚ ਲਿਫਟ ਦੀ ਬਜਾਏ ਪੌੜੀਆਂ 'ਤੇ ਚੜ੍ਹੋ-ਉਤਰੋ, ਬੱਚਿਆਂ ਨਾਲ ਖੇਡੋ। ਤੈਰਾਕੀ ਜਾਂ ਬੈਡਮਿੰਟਨ ਆਦਿ ਦੇ ਸ਼ੌਕ ਨੂੰ ਅੱਗੇ ਵਧਾਓ।

ਵਧਦੀ ਉਮਰ ਦੇ ਨਾਲ ਹਰ ਕੋਈ ਤੰਦਰੁਸਤ ਰਹਿਣਾ ਚਾਹੁੰਦਾ ਹੈ ਪਰ ਤੰਦਰੁਸਤ ਰਹਿਣ ਲਈ ਯਤਨ ਸਾਨੂੰ ਪਹਿਲਾਂ ਤੋਂ ਹੀ ਕਰਨਾ ਹੁੰਦਾ ਹੈ। ਉਸ ਵੇਲੇ ਅਸੀਂ ਸੋਚਦੇ ਹਾਂ ਕਿ ਅਸੀਂ ਜਵਾਨ ਹਾਂ, ਹੁਣੇ ਹੀ ਆਪਣੇ-ਆਪ 'ਤੇ ਕੰਟਰੋਲ ਕਿਉਂ ਰੱਖੀਏ? ਇਹ ਉਮਰ ਤਾਂ ਖਾਣ-ਪੀਣ ਦੀ ਹੈ, ਇਸ ਲਈ ਬੁਢਾਪੇ ਵਿਚ ਦੇਖਿਆ ਜਾਵੇਗਾ। ਪਰ ਜਦੋਂ ਬੁਢਾਪਾ ਆਉਂਦਾ ਹੈ ਤਾਂ ਉਸ ਵੇਲੇ ਨਾ ਸੋਚਣ ਦਾ ਸਮਾਂ ਹੁੰਦਾ ਹੈ ਅਤੇ ਨਾ ਹੀ ਯਤਨ ਕਰਨ ਦਾ। ਇਸ ਲਈ ਬੁਢਾਪਾ ਸਰੀਰ 'ਤੇ ਪੂਰੀ ਤਰ੍ਹਾਂ ਛਾਅ ਹੀ ਜਾਂਦਾ ਹੈ।

ਜੇਕਰ ਅਸੀਂ ਜਵਾਨੀ ਵਿਚ ਹੀ ਸੁਚੇਤ ਰਹਾਂਗੇ ਤਾਂ ਅੱਗੇ ਵੀ ਉਸ ਆਦਤ ਨੂੰ ਬਰਕਰਾਰ ਰੱਖਣਾ ਸਾਡੇ ਲਈ ਆਸਾਨ ਹੋਵੇਗਾ। ਸਮਾਂ ਰਹਿੰਦੇ ਕੁਝ ਨਿਯਮਾਂ ਨੂੰ ਅਪਣਾਉਣਾ ਚਾਹੀਦਾ ਹੈ ਤਾਂ ਕਿ ਵਧਦੀ ਉਮਰ 'ਤੇ ਕਾਬੂ ਪਾਇਆ ਜਾ ਸਕੇ।

**ਜ਼ਿਆਦਾ ਤੋਂ ਜ਼ਿਆਦਾ ਪੈਦਲ ਤੁਰੋ** : ਆਪਣੇ ਸਰੀਰ ਨੂੰ ਸਰਗਰਮ ਰੱਖਣ ਲਈ ਵੱਧ ਤੋਂ ਵੱਧ ਪੈਦਲ ਚੱਲੋ ਅਤੇ ਕਸਰਤ ਦੇ ਨਿਯਮਾਂ ਨੂੰ ਆਪਣੀ ਰੋਜ਼ਮਰਾ ਵਿਚ ਸ਼ਾਮਿਲ ਕਰੋ। ਜਵਾਨੀ ਵਿਚ ਲਿਫਟ ਦੀ ਬਜਾਏ ਪੌੜੀਆਂ 'ਤੇ ਚੜ੍ਹੋ-ਉਤਰੋ, ਬੱਚਿਆਂ ਨਾਲ ਖੇਡੋ। ਤੈਰਾਕੀ ਜਾਂ ਬੈਡਮਿੰਟਨ ਆਦਿ ਦੇ ਸ਼ੌਕ ਨੂੰ ਅੱਗੇ ਵਧਾਓ। ਤੇਜ਼ ਤੁਰਨ ਦੀ ਆਦਤ ਪਾਓ। ਇਨ੍ਹਾਂ ਸਾਰੀਆਂ ਕਸਰਤਾਂ ਨਾਲ ਸਾਰਾ ਸਰੀਰ ਤੰਦਰੁਸਤ ਬਣਿਆ ਰਹੇਗਾ।

**ਮੋਟਾਪੇ ਤੋਂ ਦੂਰੀ ਬਣਾ ਕੇ ਰੱਖੋ** : ਜਵਾਨੀ ਵਿਚ ਤਲੇ ਹੋਏ ਖਾਧ ਪਦਾਰਥ, ਬਰਗਰ, ਪੀਜਾ, ਨੂਡਲਜ ਆਦਿ ਦਾ ਸੇਵਨ ਘੱਟ ਤੋਂ ਘੱਟ ਕਰੋ। ਵਧੇਰੇ ਫੈਟ ਵਾਲੇ ਖਾਧ ਪਦਾਰਥਾਂ ਤੋਂ ਪ੍ਰਹੇਜ਼ ਕਰੋ।

**ਸਿਗਰਟਨੋਸ਼ੀ ਤੋਂ ਬਚੋ** : ਨਾ ਤਾਂ ਤੁਸੀਂ ਆਪ ਸਿਗਰਟਨੋਸ਼ੀ ਕਰੋ ਅਤੇ ਨਾ ਹੀ ਅਜਿਹੇ ਲੋਕਾਂ ਨਾਲ ਦੋਸਤੀ ਰੱਖੋ ਜੋ ਸਿਗਰਟਨੋਸ਼ੀ ਕਰਦੇ ਹਨ, ਕਿਉਂਕਿ ਆਪ ਸਿਗਰਟਨੋਸ਼ੀ ਕਰਨ ਨਾਲ ਤਾਂ ਨੁਕਸਾਨ ਪਹੁੰਚਦਾ ਹੀ ਹੈ, ਦੂਜਿਆਂ ਦੇ ਸਿਗਰਟ-ਬੀੜੀ ਦੇ ਧੂੰਏਂ ਵੀ ਨੁਕਸਾਨ ਪਹੁੰਚਾਉਂਦੇ ਹਨ। ਸਿਗਰਟਨੋਸ਼ੀ ਕਰਨ ਵਾਲੇ ਲੋਕਾਂ ਦੇ ਚਿਹਰੇ 'ਤੇ ਝੁਰੜੀਆਂ ਜਲਦੀ ਪੈਂਦੀਆਂ ਹਨ।

**ਤਣਾਅ ਤੋਂ ਬਚੋ** : ਸਭ ਜਾਣਦੇ ਹਨ ਕਿ ਤਣਾਅ ਸਾਡੀ ਸਿਹਤ ਦਾ ਦੁਸ਼ਮਣ ਹੈ। ਫਿਰ ਵੀ ਸਾਡੇ ਵਿਚੋਂ ਬਹੁਤੇ ਲੋਕ ਤਣਾਅਗ੍ਰਸਤ ਰਹਿੰਦੇ ਹਨ। ਯਤਨ ਕਰੋ ਕਿ ਤਣਾਅ ਘੱਟ ਤੋਂ ਘੱਟ ਹੋਵੇ, ਇਸ ਲਈ ਆਪਣੀ ਸੋਚ ਨੂੰ ਸਾਕਾਰਾਤਮਿਕ ਰੱਖੋ, ਕਸਰਤ ਕਰੋ, ਮੈਡੀਟੇਸ਼ਨ ਕਰੋ, ਚਿਹਰੇ ਅਤੇ ਸਰੀਰ ਦੀ ਮਾਲਿਸ਼ ਕਰਦੇ ਰਹੋ ਅਤੇ ਆਪਣੇ ਸਰੀਰ ਦੀ ਪੂਰੀ ਸਫਾਈ ਦਾ ਖਿਆਲ ਰੱਖੋ, ਜਿਸ ਨਾਲ ਤਣਾਅ ਘੱਟ ਕਰਨ ਵਿਚ ਮਦਦ ਮਿਲੇਗੀ।

**ਪ੍ਰਦੂਸ਼ਣ ਤੋਂ ਬਚੋ** : ਵੱਡੇ ਸ਼ਹਿਰਾਂ ਵਿਚ ਵਧੇਰੇ ਮੋਟਰਾਂ, ਗੱਡੀਆਂ, ਬੱਸਾਂ, ਕਾਰਾਂ ਕਾਰਨ ਸ਼ਹਿਰ ਦਾ ਵਾਤਾਵਰਨ ਪ੍ਰਦੂਸ਼ਤ ਰਹਿੰਦਾ ਹੈ, ਫਿਰ ਵੀ ਪ੍ਰਦੂਸ਼ਣ ਤੋਂ ਦੂਰੀ ਬਣਾਈ ਜਾ ਸਕਦੀ ਹੈ। ਹਰ ਰੋਜ਼ ਸਵੇਰੇ ਉਠ ਕੇ ਸੈਰ ਨੂੰ ਜਾਓ, ਖੁੱਲ੍ਹੀ ਹਵਾ ਵਿਚ ਪ੍ਰਾਣਾਯਾਮ ਅਤੇ ਆਸਣ ਕਰੋ, ਤਾਂ ਕਿ ਫੇਫੜੇ ਸ਼ੁੱਧ ਹਵਾ ਗ੍ਰਹਿਣ ਕਰ ਸਕਣ। ਵਧੇਰੇ ਭੀੜ-ਭਾੜ ਵਾਲੇ ਥਾਵਾਂ 'ਤੇ ਬਿਨਾਂ ਮਜਬੂਰੀ ਦੇ ਨਾ ਜਾਓ।

**ਕੁਝ ਬਚਾਓ ਦੇ ਨਿਯਮ** : ਕਾਰ ਚਲਾਉਂਦੇ ਸਮੇਂ, ਕਾਰ ਦੀ ਅਗਲੀ ਸੀਟ 'ਤੇ ਬੈਠਦੇ ਸਮੇਂ ਬੈਲਟ ਜ਼ਰੂਰ ਲਗਾਓ। ਜੁੱਤੀਆਂ ਅਤੇ ਚੱਪਲਾਂ ਜਦੋਂ ਥੋੜ੍ਹੀਆਂ ਖੁੱਲ੍ਹੀਆਂ ਹੋਣ ਲੱਗਣ ਤਾਂ ਬਦਲ ਲਓ, ਗਿੱਲੇ ਫਰਸ਼ 'ਤੇ ਨਾ ਚੱਲੋ। ਬਾਥਰੂਮ ਵਰਤਣ ਤੋਂ ਬਾਅਦ ਉਸ ਨੂੰ ਵਾਈਪਰ ਨਾਲ ਚੰਗੀ ਤਰ੍ਹਾਂ ਸਾਫ ਕਰੋ। ਉਠਦੇ ਸਮੇਂ ਵੱਖੀ ਭਾਰ ਉਠੋ। ਜੇਕਰ ਫਰਸ਼ 'ਤੇ ਬੈਠੇ ਹੋ ਤਾਂ ਉਠਦੇ ਸਮੇਂ ਸਹਾਰਾ ਲੈ ਕੇ ਉਠੋ, ਝਟਕੇ ਨਾਲ ਨਾ ਉਠੋ। ਉਬੜ-ਖਾਬੜ ਜਾਂ ਟੇਢੀਆਂ-ਮੇਢੀਆਂ ਸੜਕਾਂ 'ਤੇ ਧਿਆਨ ਨਾਲ ਚੱਲੋ।

**ਦੰਦਾਂ ਦੀ ਸਫਾਈ ਵੱਲ ਧਿਆਨ ਦਿਓ** : ਇਕ ਅਧਿਐਨ ਅਨੁਸਾਰ ਲੰਬੀ ਉਮਰ ਅਤੇ ਤੰਦਰੁਸਤ ਦੰਦਾਂ ਦਾ ਆਪਸੀ ਸਬੰਧ ਹੁੰਦਾ ਹੈ। ਜੋ ਲੋਕ ਆਪਣੀ ਨਿੱਜੀ ਸਫਾਈ ਪ੍ਰਤੀ ਜਾਗਰੂਕ ਹੁੰਦੇ ਹਨ, ਉਹ ਤੰਦਰੁਸਤ ਰਹਿੰਦੇ ਹਨ। ਦੰਦ ਜੇਕਰ ਤੰਦਰੁਸਤ ਹੋਣਗੇ ਤਾਂ ਖਾਣਾ ਚੰਗੀ ਤਰ੍ਹਾਂ ਚਬਾਉਣਗੇ, ਜਿਸ ਨਾਲ ਪੇਟ ਠੀਕ ਰਹੇਗਾ। ਪੇਟ ਦੇ ਵਿਗੜਨ ਨਾਲ ਕਈ ਬਿਮਾਰੀਆਂ ਘੇਰ ਲੈਂਦੀਆਂ ਹਨ।

# ਕਾਵਿ-ਕਿਆਰੀ

(ਲਫ਼ਜ਼ਾਂ ਦੀ ਲੋਏ ਲੋਏ)

## ਪੱਤੇ/ਹਰਬਖ਼ਸ਼ ਸਿੰਘ ਟਾਹਲੀ



ਪੱਤੇ ਸੁੱਕ ਕੇ ਵੀ ਦਰੱਖਤ ਨੂੰ ਛੱਡਣਾ ਨਹੀਂ ਚਾਹੁੰਦੇ
ਪਰ ਦਰੱਖ਼ਤ ਦੀ ਹਿੱਕ ਵਿਚ ਪੈਦਾ ਹੋ ਚੁੱਕੀ ਹੁੰਦੀ ਹੈ
ਨਵੀਂ ਪੁੰਘਰਾਹਟ!
ਨਵੀਂ ਪੁੰਗਰਾਹਟ ਨੂੰ ਬਹਾਰਾਂ ਦਾ ਸੰਗੀਤ ਸੁਣਦਾ ਹੈ।
ਨਵੀਂ ਪੁੰਗਰਾਹਟ ਨੂੰ ਜੀ ਆਇਆਂ ਕਹਿਣ ਲਈ
ਲਰਜ਼ਦੀਆਂ ਹਨ ਹਵਾਵਾਂ!
ਸੁੱਕੇ ਪੱਤੇ ਚਾਹੁੰਦਿਆਂ ਹੋਇਆਂ ਵੀ ਆਪਣਾ ਹੱਕ ਖੋਹ ਬੈਠਦੇ ਹਨ
ਸੁੱਕੇ ਪੱਤਿਆਂ ਦੀ ਕਾਹਦੀ ਜ਼ਿੱਦ?
ਉਨ੍ਹਾਂ ਨੇ ਜਾਣਾ ਹੁੰਦਾ ਹੈ ਕਿਉਂਕਿ ਨਵਿਆਂ ਨੇ ਆਉਣਾ ਹੁੰਦਾ ਹੈ।
ਦਰੱਖ਼ਤ ਵਕਤ ਦੇ ਹਾਸ਼ੀਏ ਨਾਲ ਭਲਾਂ ਕਿਵੇਂ ਲੜੇ?
ਨਵੀਆਂ ਬਹਾਰਾਂ ਨੇ ਪੁਰਾਣਿਆਂ ਦੀ ਥਾਂ ਮੱਲਣੀ ਹੈ।
ਗਿਲਾ ਕਰਨਾ ਬਿਲਕੁਲ ਜਾਇਜ਼ ਨਹੀਂ।
ਇਹ ਪ੍ਰਕਿਰਤੀ ਦੀ ਰਚਨਾ ਇਸੇ ਤਰ੍ਹਾਂ ਪ੍ਰਵਾਨ ਚੜ੍ਹਦੀ ਹੈ
ਵਕਤ ਹੰਢਾਏ ਮਨੁੱਖ ਨੂੰ ਸੁੱਕੇ ਪੱਤਿਆਂ ਵਾਂਗ ਹੋ ਜਾਣਾ ਚਾਹੀਦਾ ਹੈ।
ਨਵਿਆਂ ਨੂੰ ਜਗ੍ਹਾ ਦੇ ਦੇਣੀ ਚਾਹੀਦੀ ਹੈ।
ਨਹੀਂ ਤੇ ਨਵਿਆਂ ਲਈ ਜਗ੍ਹਾ ਪ੍ਰਕਿਰਤੀ ਆਪ ਬਣਾ ਦਿੰਦੀ ਹੈ।
ਪੁਰਾਣੇ ਖਿਡਾਰੀ ਜੇ ਖੇਡਦੇ ਰਹਿਣਗੇ
ਤਾਂ ਆਪਣਾ ਵੱਕਾਰ ਗੁਆ ਬਹਿਣਗੇ।
ਉਮਰਾਂ ਦੇ ਮੁਥਾਜ ਲੋਕ ਦਮ ਤੋੜ ਬਹਿੰਦੇ ਹਨ।
ਉਮਰਾਂ ਨੂੰ ਮਾਨਤਾ ਦੇਣੀ ਚਾਹੀਦੀ ਹੈ।
ਨਹੀਂ ਤੇ ਉਮਰਾਂ ਤੁਹਾਡੇ ਜ਼ਿੱਦੀ ਹੱਥਾਂ ਵਿਚੋਂ
ਆਪਣੀ ਉਂਗਲ ਛੁਡਾ ਲਵੇਗੀ।

*****

## ਮੈਂ ਪਿੰਡ ਬੋਲਦਾ ਹਾਂ/ਸੁਰਿੰਦਰ ਮਕਸੂਦਪੁਰੀ

(1)



'ਸਚ ਕੀ ਬਾਣੀ ਨਾਨਕੁ ਆਖੈ
ਸਚੁ ਸੁਣਾਇਸੀ ਸਚ ਕੀ ਬੇਲਾ'
ਗੁਰ ਫੁਰਮਾਨ ਅਨੁਸਾਰ
ਨਿਰੰਤਰ ਆਉਂਦੀਆਂ ਖ਼ੂਨੀ ਖ਼ਬਰਾਂ ਦਾ
ਚਿੰਤਨ-ਮੰਥਨ ਕਰਦਾ
ਮੈਂ ਪਿੰਡ ਬੋਲਦਾ ਹਾਂ
ਆਪਣਾ 'ਸਤਿ ਕੁਸਤਿ'
ਤੁਹਾਡੇ ਰੂਬਰੂ ਫਰੋਲਦਾ ਹਾਂ:
ਕਿੰਝ ਕਹਾਂ ਕਿ ਮੈਂ
ਪੰਜ ਪਾਣੀਆਂ ਦੇ ਵੰਡੇ
ਪੰਜਾਬ ਦੇ ਪਿੰਡੇ 'ਤੇ ਖ਼ੂਨੀ
ਅਣਵੰਡੀ ਲੀਕ ਹਾਂ
ਕਿੰਝ ਕਹਾਂ ਕਿ ਮੈਂ
ਪਿੰਡ ਦੇ ਗੁਰੂ ਘਰ ਦੀ ਗੁੜ੍ਹਤੀ ਦਾ
ਪਾਕਿ-ਪਵਿੱਤਰ ਪ੍ਰਤੀਕ ਹਾਂ
ਕਿੰਝ ਕਹਾਂ ਕਿ ਮੈਂ
ਪੰਜਾਬ ਦੇ ਮਾਣ-ਮੱਤੇ
ਹੱਸਦੇ/ਗਾਉਂਦੇ/ਨੱਚਦੇ/ਜੂਝਦੇ
ਸਭਿਆਚਾਰ ਦਾ ਸਾਖਸ਼ਾਤ ਸਰੂਪ ਹਾਂ
ਕਿੰਝ ਕਹਾਂ ਕਿ ਮੈਂ
ਆਪਣੇ ਵਿਰਸੇ ਦੇ ਲੋਕ ਗੀਤ ਦੀ
ਮਨ ਭਾਉਂਦੀ ਟੂਕ ਹਾਂ?
ਹਾਂ, ਸੱਚ ਤਾਂ ਆਖ਼ਿਰ ਕਹਿਣਾ ਹੀ ਪਵੇਗਾ
ਕੌੜਾ ਹੈ ਭਾਵੇਂ ਸਹਿਣਾ ਹੀ ਪਵੇਗਾ
ਅਜਿਹੀਆਂ ਰੱਤ ਰੰਗੀਆਂ ਸੁਰਖੀਆਂ ਵਾਲੇ
ਮੈਂ ਨਿੱਤ ਅਖ਼ਬਾਰ ਪੜ੍ਹਦਾ ਹਾਂ:
ਖ਼ਬਰ ਹੈ ਕਿ ਅੱਜ
ਦਿੱਲੀ ਦੇ ਸਿੰਘੂ ਟਿਕਰੀ ਬਾਰਡਰ 'ਤੇ
ਮੇਰੀ ਮਿੱਟੀ ਦਾ ਜਾਇਆ
ਮੇਰੇ ਸਿਆੜਾਂ ਸੰਗ ਪਰਣਾਇਆ
ਮਾਰੂ ਕਰਜ਼ੇ ਦਾ ਸਤਾਇਆ
ਮੇਰਾ ਅੰਨਦਾਤਾ, ਕਿਰਤੀ ਕਿਸਾਨ ਯੋਧਾ
ਅੱਜ ਦੇ ਮਲਿਕ ਭਾਗੋਆਂ ਤੋਂ
ਸਮੇਂ ਦੇ ਹੰਕਾਰੀ ਹਾਕਮਾਂ ਤੋਂ
ਆਪਣੇ ਮੌਲਿਕ ਅਧਿਕਾਰ ਮੰਗਦਾ
ਸ਼ਹੀਦ ਹੋ ਗਿਆ ਹੈ
ਲਖੀਮਪੁਰ ਖੀਰੀ ਵਿੱਚ
ਬੇਗੁਨਾਹ ਕਿਸਾਨਾਂ ਦਾ ਕਤਲ ਕਾਂਡ ਪੜ੍ਹ
ਰੋਂਦੀ-ਕੁਰਲਾਉਂਦੀ ਕਾਇਨਾਤ ਦਾ
ਕਣ-ਕਣ ਚੀਰ ਹੋ ਗਿਆ ਹੈ।

ਖ਼ਬਰ ਹੈ ਕਿ ਅੱਜ
ਮੇਰੀ ਧਰਤੀ ਦਾ ਇੱਕ ਬੇਰੁਜ਼ਗਾਰ ਪੁੱਤਰ
ਖ਼ੁਦਕੁਸ਼ੀ ਦੀ ਭੇਟ ਚੜ੍ਹਿਆ ਹੈ
ਤੇ ਦੂਸਰਾ

ਨਸ਼ਿਆਂ ਦੇ ਛੇਵੇਂ ਦਰਿਆ 'ਤੇ ਹੜ੍ਹਿਆ ਹੈ
ਨਸ਼ਿਆਂ, ਬੇਅਦਬੀਆਂ ਦਾ ਸੌਦਾਗਰ
ਖ਼ੂਨੀ ਖੇਡ ਖੇਡਦਾ ਗੈਂਗਸਟਰ
ਦਿਨ ਦੀਵੀਂ ਮੇਰੇ ਵਿਹੜੇ ਆਣ ਵੜਿਆ ਹੈ।

(2)

ਕਿਉਂ ਨਾ ਬੋਲਾਂ ਫਿਰ
ਖ਼ੁਸ਼ਹਾਲ ਦੇਸ਼ਾਂ ਵੱਲ ਜਾਂਦਿਆਂ
ਸਰਹੱਦਾਂ 'ਤੇ ਡੌਂਕੀ ਲਗਾਉਂਦਿਆਂ
ਕਿੰਨੀਆਂ ਮਾਵਾਂ ਦੇ ਪੁੱਤ
ਪੁਲਿਸ ਦੀਆਂ ਗੋਲੀਆਂ ਦੇ ਸ਼ਿਕਾਰ ਹੋਏ ਨੇ
ਕਿੰਨੇ ਮੁੰਡੇ/ਕੁੜੀਆਂ
ਨਾਜਾਇਜ਼ ਲਾਂਘੇ ਰਾਹੀਂ
ਬੇਆਬਰੂ ਤੇ ਖੱਜਲ-ਖੁਆਰ ਹੋਏ ਨੇ।

ਕਿਉਂ ਨਾ ਬੋਲਾਂ ਫਿਰ
ਮੇਰੇ ਮੱਥੇ ਦੀ
ਮਮਟੀ 'ਤੇ ਜਗਮਗਾਉਂਦੇ
ਗੁਰਮੁਖੀ ਹਰਫ਼ਾਂ ਦੇ ਦੀਵੇ ਵੀ
ਮੱਸਿਆ ਦਾ ਕਾਲਖ਼ 'ਚ ਛੁਪ ਗਏ
ਕਿੰਝ ਮੁਨਕਰ ਹੋਵਾਂ ਕਿ
ਹੁਣ ਤਾਂ ਮੇਰੇ ਗਿਆਨ ਅੰਬਰ ਦੇ ਤਾਰੇ ਵੀ
ਧਰਮਾਂ ਦੇ ਧੁੰਧੂਕਾਰੇ 'ਚ ਲੁਕ ਗਏ।

ਹੁਣ ਨਾ ਲਿਖਦਾ ਕੋਈ
ਮੇਰੇ ਸਵਾਗਤੀ ਗੇਟਾਂ ਦੇ ਮੁੱਖੜੇ 'ਤੇ
'ਹਾਰਦਿਕ ਸਵਾਗਤ'
'ਸ਼ੁਭ ਆਗਮਨ'
'ਜੀ ਆਇਆਂ ਨੂੰ'
ਹੁਣ ਨਾ ਕਹਿੰਦਾ
ਮਨ-ਮੂੰਹੋਂ ਕੋਈ
'ਆਓ ਜੀ, ਚਿਰ ਹੋਇਆ
ਫੇਰੀ ਪਾਇਆਂ ਨੂੰ!'


ਕਿੰਝ ਕਹਾਂ ਫਿਰ
ਕਿ ਮੇਰੇ ਚੌਗਿਰਦੇ ਦਾ ਪਾਸਾਰਾ
ਮੇਰੇ ਅੰਗ-ਸੰਗ ਦਾ ਵਰਤਾਰਾ
'ਸਭ ਠੀਕ ਹੈ'
ਪਰ ਮੈਨੂੰ ਅਜੇ ਵੀ 'ਮਕਸੂਦਪੁਰੀ'
ਸਭ ਠੀਕ ਹੋਣ ਦੀ ਉਡੀਕ ਹੈ
ਹਾਂ, ਮੈਂ ਪਿੰਡ ਬੋਲਦਾ ਹਾਂ
ਆਪਣਾ 'ਸਤਿ ਕੁਸਤਿ'
ਤੁਹਾਡੇ ਰੂਬਰੂ ਫਰੋਲਦਾ ਹਾਂ!

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021**
**ਮੋ. 99887-10234**

*****

## ਕਵਿਤਾ/ ਸੱਚਾਈ

**ਰਤਨ ਟਾਹਲਵੀ**



ਫਿਰ ਟੋਏ 'ਤੇ ਟੋਏ ਬਣ ਗਏ ਮੈਂ ਤਾਂ ਮਰਦੀ ਹਾਵੇਂ।
ਬਿਨਾਂ ਲੁੱਕ ਦੇ ਬੱਜਰੀ ਤੱਕ ਕੇ ਸੜਕ ਪਈ ਕੁਰਲਾਵੇ।

ਹਰ ਇੱਕ ਚੀਜ਼ ਮਿਲਾਵਟ ਵਾਲੀ ਹਰ ਥਾਂ ਰਹਿੰਦੇ ਛਲੀਏ।
ਬਿਨਾਂ ਮਿਲਾਵਟ ਬਿਨ ਛਲੀਏ, ਅਸੀਂ ਕਿੱਥੋਂ ਢੂੰਡਣ ਚੱਲੀਏ।

ਛੇ ਦੇ ਛੇ ਸੌ ਕਰਨ ਨਿਮਖ 'ਚ ਨੇਤਾ ਦੀ ਇਹ ਸੇਵਾ,
ਸੌ ਸੌ ਦੇ ਫਿਰ ਲੱਖ ਬਣਾ ਲਉ, ਮੁੜ ਨਹੀਂ ਮਿਲਣਾ ਮੇਵਾ।

ਸੱਚ ਲਿਖਣ ਨੂੰ ਦਿਲ ਨਹੀਂ ਕਰਦਾ, ਝੂਠ ਕਿਵੇਂ ਮੈਂ ਬੋਲਾਂ,
ਜੇ ਮੈਂ ਪਾਜ ਹੀ ਖੋਲ੍ਹਣ ਲੱਗਾਂ, ਕਿਸ ਕਿਸ ਦੇ ਪਿਆ ਖੋਲ੍ਹਾਂ।

ਸਮਾਂ ਕਦੇ ਨਾ ਮਾੜਾ ਆਵੇ, ਦੁਆ ਸਦਾ ਮੇਰੀ ਇਹੋ ਹੋਵੇ।
ਕਿਸੇ ਗਰੀਬ ਦੀ ਕੁੱਲੀ ਰੱਬਾ, ਨਾ ਬਰਸਾਤ ਨੂੰ ਚੋਵੇ।

ਹਰ ਗਰੀਬ ਦੇ ਘਰ ਵਿਚ ਰੱਬਾ, ਹਰ ਇੱਕ ਚੀਜ਼ ਹੀ ਹੋਵੇ।
ਰਤਨ ਵਰਿੰਦਰ ਢਿੱਡੋਂ ਭੁੱਖਾ ਕੋਈ ਬਾਲ ਨਾ ਸੋਵੇ।

*****

## ਕੋਰੜਾ ਛੰਦ/ਪਾਣੀ ਦੀ ਸੰਭਾਲ

**ਲੇਖਿਕਾ ਪਰਕਾਸ਼ ਕੌਰ ਪਾਸ਼ਾ**



ਮਾਤਾ ਹੈ ਧਰਤ, ਪਿਤਾ ਪਾਣੀ ਹੈਗਾ ਜੀ।
ਲਿਖਿਆ ਹੈ ਵਿੱਚ ਗੁਰਬਾਣੀ ਹੈਗਾ ਜੀ।
ਗੁਰੂਆਂ ਦੀ ਸਿੱਖਿਆ, ਫੈਲਾਓ ਦੋਸਤੋ।
ਬੂੰਦ-ਬੂੰਦ ਪਾਣੀ ਦੀ, ਬਚਾਓ ਦੋਸਤੋ।

ਪਾਣੀ ਵਿੱਚ ਹੁੰਦੀ, ਸੱਭਨਾਂ ਦੀ ਜਾਨ ਹੈ।
ਪਾਣੀ ਉੱਤੇ ਸਾਰਾ, ਟਿਕਿਆ ਜਹਾਨ ਹੈ।
ਇਸ ਲਈ ਪਾਣੀ, ਨਾ ਮੁਕਾਓ ਦੋਸਤੋ।
ਬੂੰਦ-ਬੂੰਦ ਪਾਣੀ ਦੀ, ਬਚਾਓ ਦੋਸਤੋ।

ਆਉਣ ਵਾਲੀ ਪੀੜ੍ਹੀ, ਜੇ ਮੰਗੇਗੀ ਹਿਸਾਬ।
ਤੁਹਾਡੇ ਕੋਲ ਫੇਰ ਕੀ, ਹੋਵੇਗਾ ਜੁਆਬ।
ਉੱਠ ਜਾਓ ਸਮਾਂ, ਨਾ ਗੁਆਓ ਦੋਸਤੋ।

ਬੂੰਦ-ਬੂੰਦ ਪਾਣੀ ਦੀ, ਬਚਾਓ ਦੋਸਤੋ।

ਧਰਤੀ ਦੀ ਕੁੱਖ, ਜਦੋਂ ਸੁੱਕ ਜਾਏਗੀ।
ਦੁਨੀਆਂ ਵੀ ਫੇਰ, ਸਾਰੀ ਮੁੱਕ ਜਾਏਗੀ।
ਸਾਰਿਆਂ ਨੂੰ ਇਹ, ਸਮਝਾਓ ਦੋਸਤੋ।
ਬੂੰਦ-ਬੂੰਦ ਪਾਣੀ ਦੀ, ਬਚਾਓ ਦੋਸਤੋ।

ਜਦੋਂ ਕਰ ਲਿਆ, ਤੁਸੀਂ ਸਾਰਾ ਧੰਦ ਹੈ।
ਚੈੱਕ ਕਰੋ ਟੂਟੀ ਵੀ, ਜ਼ਰੂਰ ਬੰਦ ਹੈ।
ਲੋੜ ਬਿਨਾਂ ਪਾਣੀ, ਨਾ ਵਹਾਓ ਦੋਸਤੋ।
ਬੂੰਦ-ਬੂੰਦ ਪਾਣੀ ਦੀ, ਬਚਾਓ ਦੋਸਤੋ।

ਧਰਤੀ ਪੰਜਾਬ ਦੀ, ਸੀ ਪੰਜ ਆਬ ਦੀ।
ਹੁਣ ਗੱਲ ਹੋਈ, ਸੱਭ ਦੇ ਖ਼ੁਆਬ ਦੀ।
ਓਹੀ ਦਿਨ ਮੁੜ ਕੇ, ਲਿਆਓ ਦੋਸਤੋ।
ਬੂੰਦ-ਬੂੰਦ ਪਾਣੀ ਦੀ, ਬਚਾਓ ਦੋਸਤੋ।

ਪਾਣੀ ਮਨੁੱਖ ਲਈ, ਜ਼ਰੂਰੀ ਸਮਝੋ।
ਰੁੱਖ ਵੀ ਬਚਾਉਣਾ, ਮਜ਼ਬੂਰੀ ਸਮਝੋ।
ਸੌਣ ਭਾਦੋਂ ਹੋਰ, ਰੁੱਖ ਲਾਓ ਦੋਸਤੋ।
ਬੂੰਦ-ਬੂੰਦ ਪਾਣੀ ਦੀ, ਬਚਾਓ ਦੋਸਤੋ।

ਸੋਕ ਪਿੱਟ ਘਰਾਂ, ਅੰਦਰ ਲਾ ਲਈਏ।
ਭੂਮੀ ਬੰਜਰ ਹੋਣੋਂ, 'ਪਾਸ਼ਾਂ' ਬਚਾ ਲਈਏ।
ਸੰਭਲੋ ਸਿਆਣੇ, ਬਣ ਜਾਓ ਦੋਸਤੋ।
ਬੂੰਦ-ਬੂੰਦ ਪਾਣੀ ਦੀ, ਬਚਾਓ ਦੋਸਤੋ।

**ਸਤਿਕਾਰ ਸਹਿਤ ਸਮਝਾਂ ਤੇ ਰਮਜਾਂ 'ਚੋਂ**

● ● ●




**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ**

# ਕਮਰਿਆਂ ਦੀ ਬੁਕਿੰਗ

**ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।**

**ਮੋਬਾਇਲ ਨੰ:-73470-65188**



# MATRIMONIAL



LOOKING FOR PROFESSIONAL, QUALIFIED AND WELL SETTELED BOY IN CANADA FOR LUBANA SIKH GIRL, 1998 BORN, 5’5” HEIGHT, PR IN CANADA, DIPLOMA IN COMPUTER SCIENCE, WORKING AS AN IT SOFTWARE ANALYST, DEPT. OF NATIONAL DEFENCE, GOVT. OF CANADA, FAMILY- PARENTS PUNJAB GOVT. EMPLOYEE AND ONE ELDER BROTHER IN CANADA. CONTACT - 9876501964

* * * * *

SEEKING WELL EDUCATED EMPLOYED GIRL FOR LOBANA PUNJABI BOY, 19.03.1996 BORN, 6 FEET HEIGHT, MBA (SALES & MARKETING) IMT COLLEGE GHAZIABAD, WORKING AS AREA SALES MANAGER (HEINEKEN INDIA)-JAIPUR (22 LPA), PERMANENT RESIDENCE AT NARAINGARH, AMBALA(HR), FAMILY FATHER-RETIRED GOVT. EMP (HWD – CHANDIGARH), MOTHER-SOCIAL WORKER (AANGANWADI), ELDER SISTER(MARRIED)-MD GYNEA AND INFERTILITY SPECIALIST (NOVA CHD & CLOUD 9 HOSPITAL, ELDER SISTER(MARRIED), FINANCE -ROYAL BANK OF SCOTLAND, GURGAON. CONTACT: 9464259848

* * * * *

SEEKING DOCTOR MATCH IN ANY FIELD FOR LOBANA SIKH GIRL, EDUCATION-M.B.B.S FROM GOVT. COLLEGE, PATIALA & P.G FROM ADESH COLLEGE BATHINDA (GOVT. SEAT), FAMILY – FATHER WAS M.S.E AGRICULTURE, MOTHER – TGT GOVT. TEACHER IN HARYANA, PERMANENT RESIDENCE IN ZIRAKPUR (CHANDIGARH). CONTACT – 9779977035

* * * * *

LOOKING MATCH FOR 13.04.1999 BORN, HEIGHT 5’6”, SIKH LOBANA GIRL FROM PANCHKULA -MANHANI GHOTRA, EDUCATION- B.COM (HOUNURS IN ECONOMICS) & M.COM (ACCOUNTING AND FINANCE) FROM PU, CHANDIGARH, PURSUING B.ED FROM PU, CURRENTLY PREPARING COMPETITIVE EXAMS (UGC), FAMILY – FATHER SR. INSPECTOR AUDITOR IN HR GOVT., MOTHER – TEACHER, YOUNGER BROTHER – PURSUING 5YR. LAW FROM PU,CHD. SEEKING WELL EDUCATED AND UNDERSTANDING PERSON WHO RESPECT FAMILY VALUES AND TRADITIONS. CONTACT FOR MORE DETAILS – FATHER -8054015520, MOTHER - 7888345304.

* * * * *

SUITABLE MATCH FOR LUBANA MODIFIED SIKH BOY DOB-06 JUNE 1997, HEIGHT-6'1", EDUCATION- B.TECH FROM PEC, CHANDIGARH, MASTER'S FROM OTAWA (CANADA). NOW WORKING WITH REPUTED COMPANY SUDBURY AS STRUCTURAL ENGG. SINGLE CHILD. MOTHER HOME MAKER, FATHER RETIRED GAZZETTE CLASS-1 OFFICER FROM HARYANA GOVT. SETTLED IN PANCHKULA. CONTACT – 98884-12198, 98884-12198

* * * * *

SEEKING MATCH FOR LOBANA GIRL 08.01.1999 BORN, HEIGHT 5'6", STUDY B.SC (UNIVERSITY TOPPER) 2016-2019 M.SC CHEMISTRY (GOLD MEDALIST)- 2019-2021 FROM KURUKSHETRA UNIVERSITY, CSIR-NET + JRF – AIR-47, GATE QUALIFIED Ph.D COMPUTATIONAL AND THEORETICAL CHEMISTRY -2022 PRESENT PURSUING FROM PUCHD, FAMILY – FATHER RETIRED TEACHER, MOTHER GOVT.TEACHER, YOUNG BROTHER IN 12TH CLASS.

CONTACT – 98961-81978

* * * * *

LUBANA SIKH BOY ....DEC'92, 5.11 FT BE MBA SR. MANAGER IN GURUGRAM BASED RENEWABLE ENERGY CO @ DELHI NCR REQUIRED..MCA B.TECH, M.TECH, MBA... QUALIFIED GIRL, CASTE NO BAR.

CONT ... 9417145424.....8360907886

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

ਉੱਡ ਗਿਆ ਪਿਆਰ ਰੂਹਾਂ 'ਚੋਂ, ਜਿਵੇਂ ਪਾਣੀ ਸੁਕਿਆ ਖੂਹਾਂ 'ਚੋਂ।
ਜਵਾਈਆਂ ਵਿਚੋਂ ਪੁੱਤ ਭਾਲਦੇ ਪਰ ਧੀ ਨਹੀਂ ਦਿਸਦੀ ਨੂੰਹਾਂ 'ਚੋਂ।

# ਅਪ੍ਰੈਲ ਮਹੀਨੇ ਦਾਨੀ ਸੱਜਣਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ. | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਗੁਪਤ ਦਾਨ<br>(ਆਨਲਾਈਨ ਪ੍ਰਾਪਤ ਕੀਤੇ) | 239 | 500/- | 18.03.2024 |
| 2. | ਸੂਬੇਦਾਰ ਮੇਜਰ ਜਸਪਾਲ ਸਿੰਘ<br>ਮੈਂਟੀਨੈਂਸ ਸਕੱਤਰ, 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ | 240 | 200/- | 13.04.2024 |
| 3. | ਸ. ਮਨਜੀਤ ਸਿੰਘ ਲੁਬਾਣਾ<br>ਇੰਚਾਰਜ ਗੁਰੂ ਘਰ, ਮ.ਨੰ: 873, ਫ਼ੇਸ-10, ਮੋਹਾਲੀ। | 241 | 500/- | 13.04.2024 |
| 4. | ਪੰਡਿਤ ਰਾਮ ਕੁਮਾਰ<br>ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | 242 | 500/- | 13.04.2024 |
| 5. | ਸ: ਗੁਰਚਰਨ ਸਿੰਘ<br>ਸੈਕਟਰ-82, ਮੋਹਾਲੀ। | 243 | 200/- | 13.04.2024 |
| 6. | ਕਰਨਲ ਗੁਰਦੀਪ ਸਿੰਘ (ਰਿਟਾ.)<br>ਮ. ਨੰ: 62, ਸੈਕਟਰ-71, ਮੋਹਾਲੀ। | 244 | 500/- | 13.04.2024 |
| 7. | ਬੀਬੀ ਨਰਿੰਦਰ ਕੌਰ<br>ਮ. ਨੰ: 2020, ਸੈਕਟਰ-37ਸੀ, ਚੰਡੀਗੜ੍ਹ। | 245 | 200/- | 13.04.2024 |
| 8. | ਸ: ਨਰਿੰਦਰ ਸਿੰਘ, ਪੀ.ਈ.ਐਸ. (ਰਿਟਾ.)<br>ਮ. ਨੰ: 7113, ਸੈਕਟਰ-125, ਸਨੀ ਇਨਕਲੇਵ, ਮੋਹਾਲੀ। | 246 | 500/- | 13.04.2024 |
| 9. | ਸ: ਰਵਿੰਦਰ ਸਿੰਘ<br>ਮ. ਨੰ: 2052, ਸੈਕਟਰ-45ਸੀ, ਚੰਡੀਗੜ੍ਹ। | 247 | 200/- | 13.04.2024 |
| 10. | ਸ: ਬਲਵਿੰਦਰ ਸਿੰਘ ਮੁਲਤਾਨੀ<br>ਮ. ਨੰ: 541, ਫ਼ੇਸ-3 ਏ, ਮੋਹਾਲੀ। | 248 | 500/- | 13.04.2024 |
| 11. | ਸ: ਐਚ. ਐਸ. ਘੋਤੜਾ<br>ਮ. ਨੰ: 11, ਸੰਗਮ ਇਨਕਲੇਵ, ਸੈਕਟਰ-48 ਏ, ਚੰਡੀਗੜ੍ਹ। | 249 | 200/- | 13.04.2024 |
| 12. | ਸ: ਪ੍ਰਤਾਪ ਸਿੰਘ<br>ਮ. ਨੰ: 5701, ਸੈਕਟਰ-38, ਚੰਡੀਗੜ੍ਹ। | 250 | 100/- | 13.04.2024 |
| 13. | ਸ: ਅਮਰ ਸਿੰਘ<br>ਮ. ਨੰ: 42, ਸੈਕਟਰ 16 ਏ, ਚੰਡੀਗੜ੍ਹ। | 251 | 500/- | 13.04.2024 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਸੈਕਟਰ 30-ਏ, ਚੰਡੀਗੜ੍ਹ ਵਿਖੇ ਚੇਤਿ ਮਹੀਨੇ ਦੀ ਸੰਗਰਾਂਦ (13-04-2024) ਦਾ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ











Postal No. - Jallandhar Vide No. L-4/PB/JL-0196/2024-2026

# ਮਿਤੀ 29 ਅਪ੍ਰੈਲ 2024 ਦਿਨ ਸੋਮਵਾਰ ਨੂੰ ਸ. ਭਗਵਾਨ ਸਿੰਘ ਲੁਬਾਣਾ ਜੀ ਦੀ ਪ੍ਰਧਾਨਗੀ ਹੇਠ ਪਹਿਲੀ ਵਰਕਿੰਗ ਕਮੇਟੀ ਦੀ ਮੀਟਿੰਗ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ ਵਿਖੇ ਹੋਈ





ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਪ੍ਰਧਾਨ ਬਣਨ 'ਤੇ ਸ. ਭਗਵਾਨ ਸਿੰਘ ਲੁਬਾਣਾ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕਰਦੇ ਹੋਏ ਬੀਬੀ ਜਗੀਰ ਕੌਰ ਜੀ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ।